ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਖ਼ੂਨੀ ਸਾਕਾ ਸ੍ਰੀ ਨਨਕਾਣਾ ਸਾਹਿਬ

FEB 1980

ਫਰਵਰੀ ੧੯੮੦



੨੧ ਫ਼ਰਵਰੀ ੧੯੨੧ ਨੂੰ ਆਚਰਨ-ਹੀਣ ਮਹੰਤ ਨਰੈਣੂ ਨੇ ਪਹਾੜੇ ਦੇ ਬਦਮਾਸ਼ ਸਦ ਕੇ ਸ਼ਾਂਤਮਈ ਸਿੰਘਾਂ ਦੇ ਜਥੇ ਦਾ ਬਹੁਤ ਬੇ-ਰਹਿਮੀ ਨਾਲ ਕਤਲਿ ਆਮ ਕਰਾਇਆ।

www.AKJ.Org

# ਨਕਲੀ ਨਿਰੰਕਾਰੀ ਕੇਸ ਦਾ ਫ਼ੈਸਲਾ

ਕਰਨਾਲ ਕਚਹਿਰੀ ਵਿਚ ਚਲ ਰਹੇ ਨਿਰੰਕਾਰੀ ਕੇਸ ਦਾ ਫ਼ੈਸਲਾ ਹੋ ਗਿਆ ਹੈ। ਕੋਰਟ ਵਲੋਂ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿਤਾ ਗਿਆ ਹੈ। 13. 4. 78 ਦੇ ਖੂਨੀ ਸਾਕੇ ਮਗਰੋਂ ਜਦੋਂ ਨਕਲੀ ਨਿਰੰਕਾਰੀਆਂ ਦਾ ਆਗੂ ਗੁਰਬਚਨ ਸਿੰਘ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਸ੍ਰੀ ਡਿਸਾਈ ਦੀ ਪਨਾਹ ਵਿਚ ਗਿਆ ਤਾਂ ਸ੍ਰੀ ਡਿਸਾਈ ਨੇ ਉਸਨੂੰ ਕੋਰਟ ਤੋਂ ਅਗੇਤਰੀ ਜ਼ਮਾਨਤ ਕਰਵਾਉਣ ਦਾ ਮਸ਼ਵਰਾ ਦਿਤਾ। ਸਿਆਸੀ ਤੌਰ ਤੇ ਇਹ ਮਸ਼ਵਰਾ ਉਸਦਾ ਪਖ ਪੂਰਨ ਦਾ ਸੰਕੇਤ ਸੀ। ਇਹ ਸਾਧਾਰਨ ਗੱਲ ਹੈ ਕਿ ਸਰਕਾਰੀ ਅਧਿ-ਕਾਰੀਆਂ ਦੀ ਵਧੇਰੇ ਗਿਣਤੀ ਸਰਕਾਰ ਦੇ ਰਵਈਏ ਮੂਜਬ ਹੀ ਆਪਣਾ ਕਾਰੀ-ਕਰਮ ਨਿਭਾਉਂਦੀ ਹੈ। ਹੋਇਆ ਕੀ, ਬਾਬੇ ਦੀ ਅਗਾਊਂ ਜ਼ਮਾਨਤ ਅਖਬਾਰੀ ਖਬਰਾਂ ਦੇ ਅਧਾਰ ਤੇ ਹੀ ਕਰ ਦਿਤੀ ਗਈ। ਫਿਰ ਇਹ ਕੇਸ ਪੰਜਾਬ ਪ੍ਰਾਂਤ ਦੀ ਅਦਾਲਤ ਤੋਂ ਬਾਹਰ ਤਬਦੀਲ ਕਰ ਦਿਤਾ ਗਿਆ, ਕਿਉਂਕਿ ਨਕਲੀ ਨਿਰੰਕਾਰੀਆਂ ਦਾ ਇਹ ਤੌਖਲਾ ਸੀ ਕਿ ਪੰਜਾਬ ਦੀ ਅਕਾਲੀ ਸਰਕਾਰ ਵਲੋਂ ਅਦਾਲਤ ਉਤੇ ਪੁਲੀਟੀਕਲ ਦਬਾਅ ਪਾਏ ਜਾਣ ਦੀ ਸੰਭਾਵਨਾ ਸੀ। ਸਵਾਲ ਪੈਦਾ ਹੁੰਦਾ ਹੈ ਕਿ ਜੇ ਭਾਰਤ ਦੀ Judiciary (ਨਿਆਂ ਵਿਭਾਗ) ਪਖ-ਪਾਤ, ਲੋਭ ਲਾਲਚ ਅਤੇ ਪੁਲੀਟੀਕਲ ਦਬਾਅ ਤੋਂ ਮੁਕਤ ਮੰਨੀ ਜਾਂਦੀ ਹੈ ਤਾਂ ਅੰਮ੍ਰਿਤਸਰ ਦੀ ਅਦਾਲਤ ਵਲੋਂ ਅਜਿਹੇ ਕਿਸੇ ਪ੍ਰਭਾਵ ਨੂੰ ਕਬੂਲ ਕੀਤੇ ਜਾਣ ਦਾ ਤੌਖਲਾ ਨਿਰਮੂਲ ਸੀ। ਪਰ ਜੇ ਇਹ ਤੌਖਲਾ ਪੰਜਾਬ ਦੀ ਅਦਾਲਤ ਸੰਬੰਧੀ ਪ੍ਰਵਾਨ ਕਰ ਲਿਆ ਗਿਆ ਤਾਂ ਇਸ ਦਾ ਕੀ ਪ੍ਰਮਾਣ ਹੈ ਕਿ ਬਾਹਰਲੀ ਅਦਾਲਤ ਪਖ-ਪਾਤ, ਲੋਭ-ਲਾਲਚ ਅਤੇ ਪੁਲੀਟੀਕਲ ਦਬਾਅ ਤੋਂ ਮੁਕਤ ਹੋਵੇ। ਲੋਕਾਂ ਵਿਚ ਇਹ ਮਿਸਲ ਮਸ਼ਹੂਰ ਹੈ ਕਿ ਕਾਨੂੰਨ ਮੋਮ ਦੀ ਨੱਕ ਹੈ, ਜਿਧਰ ਕਿਸੇ ਦਾ ਜੀਅ ਕਰੇ, ਮੋੜ ਲਵੇ। ਅਜ ਕਲ੍ਹ ਨਿਤ ਵੇਖਣ ਵਿਚ ਆਉਂਦਾ ਹੈ ਕਿ ਪਖ-ਪਾਤ, ਲੋਭ-ਲਾਲਚ ਅਤੇ ਪੁਲੀਟੀਕਲ ਦਬਾਅ ਦੇ ਅਧਾਰ ਤੇ ਦੋਸ਼ੀ ਸਰੀਹਨ ਬਚ ਨਿਕਲਦੇ ਹਨ ਅਤੇ ਨਿਰਦੋਸ਼ ਵਿਅਕਤੀ ਸਜ਼ਾਵਾਂ ਭੁਗਤਦੇ ਹਨ।

ਰੋਜ਼ਾਨਾ "ਅਜੀਤ" 7 ਜਨਵਰੀ 1980 ਨੂੰ "ਸ਼ਹੀਦੀ ਕਾਂਡ ਦਾ ਫੈਸਲਾ ਅਤੇ ਪੰਜਾਬ ਦਾ ਪ੍ਰੈਸ" ਹੈਡਿੰਗ ਹੇਠ ਅਰੰਭ ਵਿਚ ਲਿਖਦਾ ਹੈ :— "ਦਿਲ ਦੁਖੀ ਹੈ। ਨਕਲੀ ਨਿਰੰਕਾਰੀਆਂ ਨੂੰ ਇਨਸਾਫ਼ ਮਿਲ ਗਇਆ। ਗੁਰਬਚਨ ਸਿੰਘ ਅਤੇ ਉਸ ਦੇ ਸਾਥੀ ਸਾਫ਼ ਬਰੀ ਹੋ ਗਏ। ਡੇਢ ਦਰਜਨ ਇਨਸਾਨਾਂ ਦਾ ਖ਼ੂਨ ਵਿਅਰਥ ਗਇਆ। ਸ਼ਹੀਦ ਹਣ ਵਾਲੇ ਨਿਰੰਕਾਰੀ ਸੰਮੇਲਨ ਵਿਰੁਧ ਪਰੋਟੈਸਟ ਕਰਨ ਗਏ ਸਨ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਭਾਈ ਲਛਮਣ ਸਿੰਘ ਅਤੇ ਭਾਈ ਦਲੀਪ ਸਿੰਘ ਦੀ ਅਗਵਾਈ ਵਿਚ ਨਨਕਾਣਾ ਸਾਹਿਬ ਵਿਚ "ਨਾਰਾਇਣੂ" ਦੇ ਵਿਰੁਧ ਸਿੰਘ ਪ੍ਰੋਟੈਸਟ ਕਰਨ ਗਏ ਸਨ। ਉਹ ਅਖ਼ੀਰੀ ਦਮ ਤਕ ਸ਼ਾਂਤ ਰਹੇ। ਇਸੇ ਤਰ੍ਹਾਂ ਅੰਮ੍ਰਿਤਸਰ ਦੇ ਸਿੰਘ ਵੀ ਹਮਲਾ ਕਰਨ ਦੇ ਇਰਾਦੇ ਨਾਲ ਨਹੀਂ ਗਏ ਸਨ। ਅੰਗਰੇਜ਼ਾਂ ਦੇ ਸਮੇਂ ਤਾਂ "ਨਾਰਾਇਣੂ" ਨੂੰ ਉਮਰ ਕੈਦ ਦੀ ਸਜ਼ਾ ਹੋ ਗਈ ਸੀ, ਪਰ ਸਾਡੇ ਆਪਣੇ ਰਾਜ ਵਿਚ ਅਤੇ ਲੋਕ-ਰਾਜ ਵਿਚ ਡੇਢ ਦਰਜਨ ਦੇ ਲਗ ਪਗ ਸ਼ਹੀਦਾਂ ਦੇ ਖ਼ੂਨ ਦੇ ਬਦਲੇ ਵਿਚ ਕਿਸੇ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ——।"

ਪੰਜਾਬ ਦਾ 'ਮਹਾਸ਼ਾ ਪ੍ਰੈਸ' ਇਸ ਫੈਸਲੇ ਤੇ ਚਾਘੀਆਂ ਪਾ ਰਿਹਾ ਹੈ ਅਤੇ ਸਿਖ ਜਗਤ ਦੇ ਜ਼ਖਮਾਂ ਤੇ ਲੂਣ ਛਿਣਕਣ ਲਈ ਭਾਂਤੋ ਭਾਂਤੀ ਫਤਵੇ ਘੜ ਘੜ ਕੇ ਪੰਜਾਬ ਸਰਕਾਰ ਤੇ ਸਿਖ ਸੰਗਤਾਂ ਨੂੰ ਕੋਸ ਰਿਹਾ ਹੈ ਅਤੇ ਹੁਕਮਨਾਮੇ ਦੀ ਵੀ ਹਾਸੀ ਉਡਾ ਰਿਹਾ ਹੈ। 'ਮਹਾਸ਼ਾ ਪ੍ਰੈਸ' ਨੇ ਸ਼ੁਰੂ ਤੋਂ ਹੀ ਵਿਰੋਧੀ ਨਜ਼ਰੀਏ ਨਾਲ ਲਿਖ ਲਿਖ ਕੇ ਕੇਸ ਨੂੰ ਵਿਗਾੜਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛਡੀ। ਸਿਖਾਂ ਦੇ ਸਬਰ ਦਾ ਪਿਆਲਾ ਲਬਰੇਜ਼ ਹੋ ਚੁਕਾ ਹੈ ਤੇ ਹੁਣ ਫ਼ਿਰਕਾ-ਪ੍ਰਸਤ ਹਿੰਦੂਆਂ ਦੀ ਸਿਖ-ਮਾਰੂ ਕੁਟਲ ਨੀਤੀ ਸਿਖਾਂ ਨੂੰ ਆਪਣੇ ਭਵਿਖਤ ਬਾਰੇ ਸੋਚਣ ਲਈ ਮਜਬੂਰ ਕਰ ਰਹੀ ਹੈ।

---

## ਤ ਤ ਕ ਰਾ


ਗ੍ਰਿਹਸਤ ਧਰਮ-ਪਰਵਿਰਤੀ ਧਰਮ (ਲਾਵਾਂ ਦੀ ਵਿਆਖਿਆ) — ਭਾ: ਸਾ: ਭਾਈ ਰਣਧੀਰ ਸਿੰਘ ਜੀ ੩
ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ — ਸ: ਨਰੈਣ ਸਿੰਘ ਜੀ ਐਮ. ਏ. ੫
ਜਿਨ੍ਹਾਂ ਦੇਖ ਕੇ ਅਣਡਿਠ ਕੀਤਾ — ਸ: ਪਿਸ਼ੌਰਾ ਸਿੰਘ ਜੀ ਦਿਲੀ ੧੫
ਮਤ ਭੂਲਹਿ ਰੇ ਮਨ ਚੇਤਿ ਹਰੀ — ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ ੨੪
ਤਉ ਕਿਉ ਮੁਰਗੀ ਮਾਰੈ (੧) — ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ੨੮
ਸਿਖ, ਅਬਦਾਲੀ ਤੇ ਵੱਡਾ ਘਲੂਘਾਰਾ (੧-੮) — ਕੈਪਟਨ ਸਵਰਨ ਸਿੰਘ ਜੀ ੩੫
ਦੋ ਕਵਿਤਾਵਾਂ — ਗਿਆਨੀ ਗੋਪਾਲ ਸਿੰਘ ਜੀ ਮਿਤਰ ੪੨


---


ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੨.੮੦ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ : 5 1 8 4 7


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹਿ

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਲਾਨਾ ਚੰਦਾ ੧੦.੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦.੦੦
ਕੈਨੇਡਾ, ਅਮਰੀਕਾ ੫੫.੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੪ ਫ਼ਰਵਰੀ ੧੯੮੦ ਅੰਕ ੨


## ਗ੍ਰਿਹਸਤ ਧਰਮ—ਪਰਵਿਰਤੀ ਧਰਮ

[ਵਿਆਖਿਆਕਾਰ:—ਸਚਖੰਡ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥

ਸੂਹੀ ਮਹਲਾ ੪ (ਲਾਵਾਂ), ਪੰਨਾ ੭੭੩

### ਵਿਆਖਿਆ—

ਇਨ੍ਹਾਂ ਲਾਵਾਂ ਦਵਾਰਾ ਗੁਰੂ ਸਾਹਿਬ ਨੇ ਜਗਿਆਸੂ ਇਸਤ੍ਰੀ ਲਈ ਪ੍ਰਮਾਤਮਾ ਰੂਪੀ ਪਤੀ ਪ੍ਰਾਪਤ ਕਰਨ ਹਿਤ ਚਾਰ ਪ੍ਰਕਾਰ ਦੇ ਜ਼ਰੂਰੀ ਤੇ ਲਾਜ਼ਮੀ ਪਉੜੇ ਨੀਯਤ ਕੀਤੇ ਹਨ। ਪ੍ਰਮਾਰਥ ਦੇ ਰੰਗਾਂ ਵਿਚ ਗੀਧੇ ਹੋਏ ਇਹੀ ਚਾਰ ਪਉੜੇ ਸੰਸਾਰਕ ਇਸਤ੍ਰੀ ਦੇ ਸੰਸਾਰਕ ਪਤੀ ਨਾਲ ਸੰਬੋਧਤ ਹੋਏ ਦ੍ਰਿੜ੍ਹ ਦ੍ਰਿੜ੍ਹਾਏ ਗਏ ਹਨ,




www.AKJ.Org

ਇਸੇ ਕਰਕੇ ਇਸ ਹਰੇਕ ਪਉੜੇ ਨੂੰ ਪੜ੍ਹ ਪੜ੍ਹ ਕੇ ਪ੍ਰਕਰਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕੀਤੀਆਂ ਜਾਂਦੀਆਂ ਹਨ, ਕਿ ਸੰਸਾਰਕ ਇਸਤ੍ਰੀ ਪੁਰਸ਼ ਇਹਨਾਂ ਦੀ ਪ੍ਰਕਰਮਾ ਰੂਪੀ ਚਹੁੰ ਪਉੜਿਆਂ ਦੀ ਸਿਖਸ਼ਾ ਤੇ ਚਲਦੇ ਹੋਏ ਆਪਣਾ ਵਿਵਹਾਰ ਤੇ ਪ੍ਰਮਾਰਥ ਦੋਵੇਂ ਹੀ ਸਵਾਰਨਗੇ ।

ਇਸ ਪਹਿਲੀ ਲਾਵ ਰੂਪੀ ਪ੍ਰਕਰਮਾ ਦਵਾਰਾ ਗੁਰਮਤਿ ਪ੍ਰਮਾਰਥ ਦੀ ਜਗਿਆਸਾ ਰੂਪੀ ਇਸਤ੍ਰੀ ਪ੍ਰਥਾਇ ਪਹਿਲੀ ਸਿਖਸ਼ਾ ਇਹ ਦ੍ਰਿੜ੍ਹ ਕਰਵਾਈ ਗਈ ਹੈ ਕਿ ਆਨਮਤੀਆਂ ਦੀ ਨਿਆਈਂ ਸੰਸਾਰ ਨੂੰ ਤਜਣਾ ਨਹੀਂ ਅਤੇ ਨਿਰਵਿਰਤੀ ਪੱਖ ਧਾਰਨ ਨਹੀਂ ਕਰਨਾ, ਸਗੋਂ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਪ੍ਰਮਾਤਮਾ-ਪਤੀ ਨੂੰ ਪਾਉਣਾ ਹੈ । ਤਾਂ ਤੇ ਨਿਰਵਿਰਤੀ ਨੂੰ ਛਡ ਕੇ ਗ੍ਰਿਹਸਤ ਵਿਖੇ ਰਹਿਣ ਵਾਲਾ ਹੀ ਪਰਵਿਰਤੀ ਧਰਮ ਇਸ ਬਿਧਿ ਦ੍ਰਿੜ੍ਹਾਇਆ ਗਿਆ ਹੈ ਕਿ ਗੁਰਬਾਣੀ ਨੂੰ ਹੀ ਬ੍ਰਹਮਾ ਦਾ ਵੇਦ ਮੰਨ ਕੇ ਗੁਰਬਾਣੀ ਅੰਦਰ ਹੀ ਦਰਸਾਏ ਧਰਮ ਨੂੰ ਦ੍ਰਿੜ੍ਹਨਾ ਹੈ ਅਤੇ ਗੁਰਮਤਿ ਗੁਰਬਾਣੀ ਅਨੁਸਾਰ ਤਜਣ ਜੋਗ ਪਾਪਾਂ ਨੂੰ ਤਜਣਾ ਹੈ ।

ਉਹ ਸੱਚਾ ਧਰਮ ਕਿਹੜਾ ਹੈ ? ਵਾਹਿਗੁਰੂ ਨਾਮ ਨੂੰ ਧਿਆਵਣ ਵਾਲਾ ਹੀ ਸੱਚਾ ਧਰਮ ਦਿੜ੍ਹਨਾ ਹੈ । ਗੁਰਬਾਣੀ ਨੇ ਨਾਮ ਹੀ ਸੱਚਾ ਸਿਮ੍ਰਿਤਿ ਪੱਖ ਦ੍ਰਿੜ੍ਹਾਇਆ ਹੈ । ਭਾਵ ਹੋਰ ਕੋਈ ਭੀ ਆਨਮੱਤ ਧਰਮ ਵਾਲੇ ਸਿਮ੍ਰਿਤਿ-ਪਾਠ ਆਦਿਕ ਬ੍ਰਹਮਾ ਦੇ ਬਣਾਏ ਹੋਏ ਵੇਦ ਨਹੀਂ ਮੰਨਣੇ ਤੇ ਨਾ ਹੀ ਉਨ੍ਹਾਂ ਤੇ ਚਲਣਾਹੈ । ਸਤਿਗੁਰ ਗੁਰ ਪੂਰਾ (ਵਾਹਿਗੁਰੂ ਹੀ) ਹਰ ਸਮੇਂ ਗ੍ਰਿਹਸਤ ਧਰਮ ਦੇ ਹਰ ਕਾਰਜ ਵਿਖੇ ਅਰਾਧਣਾ ਹੈ । ਬਸ਼, ਇਸੇ ਬਿਧਿ ਹੀ (ਭਾਵ ਗੁਰਮਤਿ ਨਾਮ ਦੇ ਆਰਾਧਣ ਕਰ ਕੇ ਹੀ) ਸਭ ਵਡੇ ਵਡੇ ਪਾਪ, ਉਗਰ ਪਾਪ ਦੂਰ ਹੋ ਜਾਂਦੇ ਹਨ । ਇਸ ਪ੍ਰਕਾਰ ਅਨਿੰਨ ਸਿਖ ਬਣ ਕੇ ਗੁਰਬਾਣੀ ਤੇ ਗੁਰਮਤਿ ਨਾਮ ਤੋਂ ਬਿਨਾ ਹੋਰ ਕਿਸੇ ਭੀ ਆਨ ਮੱਤ ਧਰਮ ਕਰਮ ਨੂੰ ਨਾ ਮੰਨਣ ਵਾਲਾ ਜੋ ਗੁਰਗਤਿ ਅਨਿੰਨ ਜਗਿਆਸੂ ਹੈ, ਕੇਵਲ ਤਿਸੇ ਨੂੰ ਹੀ ਸਹਿਜ ਅਨੰਦ ਵਾਲਾ ਪ੍ਰਮਾਰਥੀ ਮਰਾਤਬਾ ਵਡੇ ਭਾਗਾਂ ਕਰਕੇ ਨਸੀਬ ਹੁੰਦਾ ਹੈ ਅਤੇ ਤਿਸੇ ਨੂੰ ਹੀ ਵਾਹਿਗੁਰੂ ਨਾਮ ਦਾ ਅਭਿਆਸ ਮਿੱਠਾ ਲਗਦਾ ਹੈ ।

ਗੁਰਮਤਿ ਦਰਸਾਏ ਪ੍ਰਮਾਰਥ ਦੇ ਸੱਚੇ ਆਸ਼ਕ ਅਭਿਆਸੀ ਗੁਰਮਤਿ ਮਾਰਗ ਦੇ ਮੁਤਲਾਸ਼ੀ ਜਨ ਨੂੰ ਸੱਚੀ ਜਗਿਆਸਾ ਦਾ ਪਹਿਲਾ ਪਉੜਾ ਲਾਜ਼ਮੀ ਤੌਰ ਤੇ ਦ੍ਰਿੜ੍ਹ ਕਰਨਾ ਬਣਦਾ ਹੈ ਕਿ ਗੁਰਮਤਿ ਨਾਮ, ਗੁਰਮਤਿ ਬਾਣੀ ਅਤੇ ਗੁਰਮਤਿ ਕਰਮ ਤੋਂ ਬਿਨਾਂ ਆਨ ਮੱਤ ਧਰਮ ਵਾਲੀ ਹਰ ਪ੍ਰਕਾਰ ਦੀ ਉਪਾਸ਼ਨਾ ਦਾ ਪ੍ਰੀਤਿਆਗ ਕਰੀ ਰਖੇ ।

ਗ੍ਰਿਹਸਤ ਧਰਮ ਧਾਰਨੀ ਇਸਤ੍ਰੀ ਪੁਰਸ਼ ਜੋੜਾ ਭੀ ਸੱਚੇ ਅਨਿੰਨ ਸਿਖਾਂ ਵਾਲੀ ਰਹਿਣੀ ਬਹਿਣੀ ਧਾਰਨ ਦੀ ਪ੍ਰਤਗਿਆ ਰੂਪੀ ਲਾਵ (ਪ੍ਰਕਰਮਾ) ਆਪਣੇ ਇਸ਼ਟ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਕਰ ਕੇ ਪ੍ਰਿਥਮ ਇਸ ਗੱਲ ਤੇ ਦ੍ਰਿੜ੍ਹ ਹੋਵੇ ਕਿ ਉਹ ਕਿਸੇ ਵੀ ਆਨ ਮੱਤ ਧਰਮ ਅਤੇ ਆਨ ਮੱਤ ਕਰਮ ਵਿਚ ਪ੍ਰਵਿਰਤ ਨਹੀਂ ਹੋਵੇਗਾ । ਕੇਵਲ ਗੁਰਮਤਿ ਦਰਸਾਇਆ ਧਰਮ ਕਰਮ ਹੀ ਦ੍ਰਿੜ੍ਹ ਕਰੀ ਰਖੇਗਾ ।

ਇਸ ਬਿਧਿ ਗੁਰਮਤਿ ਦਰਸਾਈ ਇਸ ਪਹਿਲੀ ਲਾਵ (ਪ੍ਰਕਰਮਾ) ਦੇ ਭਾਵ ਵਾਲੀ ਗੁਰਮਤਿ ਸਿਖਸ਼ਾ ਨੂੰ ਦ੍ਰਿੜ੍ਹ ਕਰਦਾ ਹੋਇਆ, ਗੁਰਮਤਿ ਧਰਮ ਅਨੁਸਾਰ ਗ੍ਰਿਹਸਤ ਧਰਮ ਜੀ ਧਾਰਨਾ ਧਾਰਨ ਵਾਲਾ ਇਸਤ੍ਰੀ ਪੁਰਸ਼ (ਸਿਖੀ ਮੱਤ ਵਾਲਾ) ਜੋੜਾ ਆਪਣੇ ਇਸ਼ਟ ਗੁਰੂ ਦੀ ਪ੍ਰਕਰਮਾ ਲੈਂਦਾ ਹੋਇਆ, ਇਸ ਲਾਵ ਅੰਦਰ ਦਰਸਾਈ ਸਿਖਸ਼ਾ ਨੂੰ ਗਹਿ ਕਰ ਕੇ ਧਾਰਨ ਕਰੀ ਰਖੇਗਾ ਤਾਂ ਉਸ ਜੋੜੇ ਨੂੰ ਗੁਰਮਤਿ ਪ੍ਰਮਾਰਥ ਦੇ ਸਹਿਜ ਅਨੰਦ ਪ੍ਰਾਪਤ ਕਰਨ ਦਾ ਅਵਸਰ ਨਸੀਬ ਹੋਵੇਗਾ । ਉਹ ਵਡਭਾਗੀ ਜੋੜਾ ਸਹਿਜ ਆਨੰਦ ਪ੍ਰਾਪਤ ਕਰਨ ਦਾ ਰਸਾਇਣੀ ਵਾਸਲੋ (ਵਾਸਲ ਕਰਨਹਾਰਾ) ਹੋਵੇਗਾ । ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਸ ਬਿਧਿ ਦ੍ਰਿੜ੍ਹੀ ਪਹਿਲੀ ਲਾਵ ਧਾਰਨ ਕੀਤਿਆਂ ਗੁਰਮਤਿ ਕਾਰਜ ਦਾ ਦੁਵੱਲਾ ਅਤੇ ਸੱਚਾ ਅਰੰਭ ਆਰੰਭਿਆ ਜਾਂਦਾ ਹੈ ।

["ਗੁਰਮਤਿ ਗੌਰਵਤਾ" ਪੁਸਤਕ ਵਿਚੋਂ



www.AKJ.Org

# ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ

[ਵਲੋਂ—ਸ. ਨਰੈਣ ਸਿੰਘ ਜੀ ਐਮ. ਏ., ਸਾਬਕਾ ਮੈਨੇਜਰ ਸ੍ਰੀ ਨਨਕਾਣਾ ਸਾਹਿਬ]

ਗੁ: ਜਨਮ ਅਸਥਾਨ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਦੀ ਭੈੜੀ ਚਰਚਾ ਬਹੁਤ ਪੁਰਾਣੀ ਚਲਦੀ ਆ ਰਹੀ ਸੀ। ਉਸ ਨੇ ਇਕ ਫ਼ਾਹਸ਼ ਮਿਰਾਸਨ ਘਰ ਪਾਈ ਹੋਈ ਸੀ। ਗੁਰਦੁਆਰੇ ਦਰਸ਼ਨਾਂ ਨੂੰ ਆਏ ਯਾਤਰੂਆਂ ਨਾਲ ਬਹੁਤ ਬੁਰਾ ਸਲੂਕ ਹੁੰਦਾ, ਕ੍ਰਿਪਾਨ ਧਾਰੀ ਸਿੰਘਾਂ ਦੀ ਕ੍ਰਿਪਾਨ ਉਤਾਰ ਲਈ ਜਾਂਦੀ। ਇਕ ਸਿੰਧੀ ਯਾਤਰੂ ਦੀ ਨਾਬਾਲਗ ਲੜਕੀ ਦੀ ਪਤ ਲੁਟੀ ਗਈ ਅਤੇ ਇਸੇ ਤਰ੍ਹਾਂ ਦਾ ਜ਼ਿਲਾ ਲਾਇਲਪੁਰ ਤੋਂ ਆਈਆਂ ਛੇ ਬੀਬੀਬੀਆਂ ਨਾਲ ਵਰਤਾਓ ਹੋਇਆ। ਉਨ੍ਹਾਂ ਦਿਨਾਂ ਵਿਚ ਇਕ ਸੰਤ ਸੂਰਜ ਸਿੰਘ ਕਵੀ ਨੇ 'ਜਾਗ੍ਰਤ ਖ਼ਾਲਸਾ' ਨਾਮ ਦੀ ਪੁਸਤਕ ਪ੍ਰਕਾਸ਼ਤ ਕੀਤੀ ਸੀ। ਜਿਸ ਦੀ ਇਕ ਪਉੜੀ ਵਿਚ ਨਨਕਾਣਾ ਸਾਹਿਬ ਦੇ ਮਹੰਤ ਦਾ ਨਕਸ਼ਾ ਇਉਂ ਖਿਚਿਆ ਸੀ :—

ਹੋ ਮਹੰਤ ਗੁਰ ਧਾਮ ਦੇ ਕੀ ਕਿਰਤ ਕਮਾਈ
ਇਕ ਡੂਮਣੀ ਓਸ ਨੇ ਘਰ ਵਿਚ ਵਸਾਈ—
ਵਿਸ਼ੇ ਪ੍ਰਾਇਨ ਹੋ ਰਿਹਾ ਸਭ ਬੁਧ ਨਸਾਈ
ਪੁਤਰ ਧੀਆਂ ਓਸ ਤੋਂ ਬੈਠਾ ਉਪਜਾਈ—
ਨਾਮ ਉਨ੍ਹਾਂ ਦੇ ਲਾਂਵਦਾ ਸੀ ਵਿਰਸਾ ਭਾਈ
ਲਾਜ ਨਾ ਸਾਧੂ ਭੇਖ ਦੀ ਭੈੜੇ ਨੂੰ ਆਈ—
ਪੀਏ ਸ਼ਰਾਬ ਨਿਤ ਹੀ, ਬਣ ਰਿਹਾ ਸ਼ੁਦਾਈ
ਚੋਰ ਉਚੱਕੇ ਧਾੜਵੀ ਬਹੁ ਪਾਸ ਬੁਲਾਈ—
ਦੇਖ ਦੇਖ ਸਿੰਘ, ਦੇ ਰਹੇ ਦੁਹਾਈ॥

ਮਹੰਤ ਨੇ ਗੁਰਦੁਆਰੇ ਦੁਅਲੇ ਉਚੀ ਦੀਵਾਰ ਬਣਾ ਕੇ ਇਸ ਨੂੰ ਗੜ੍ਹੀ ਦੀ ਸ਼ਕਲ ਦਿਤੀ ਹੋਈ ਸੀ ਅਤੇ ਗੁਰਦੁਆਰੇ ਦੇ ਨਾਲ ਲਗਦੇ ਇਹਾਤੇ ਅੰਦਰ ੨੮ ਮੁਸਲਮਾਨ ਪਠਾਨ ਅਤੇ ਕਈ ਮਾਝੇ ਦੇ ਭਗੌੜੇ ਕਾਤਲ ਰਖੇ ਹੋਏ ਸਨ। ਸ਼੍ਰੋਮਣੀ ਕਮੇਟੀ ਨੇ ੪, ੫ ਤੇ ੬ ਮਾਰਚ ਨੂੰ ਜਨਮ ਅਸਥਾਨ ਵਿਚ ਭਾਰਾ ਪੰਥਕ ਇਕੱਠ ਗੁਰਦੁਆਰੇ ਦੇ ਫੈਸਲੇ ਲਈ ਬੁਲਾਇਆ ਹੋਇਆ ਸੀ ਅਤੇ ਮਹੰਤ ਨਾਲ ਸਮਝੌਤੇ ਦੀ ਗੱਲ ਭੀ ਚਲਦੀ ਸੀ।

ਇਹ ਸੁਲਹ ਦੀ ਮੀਟਿੰਗ ੧੪-੨-੨੧ ਨੂੰ ਸ਼ੇਖੂਪੁਰੇ ਸ: ਬੂਟਾ ਸਿੰਘ ਵਕੀਲ ਦੀ ਕੋਠੀ ਹੋਣੀ ਸੀ। ਪ੍ਰੰਤੂ ਉਥੇ ਮਹੰਤ ਦਾ ਸੁਨੇਹਾ ਪੁਜਾ ਕਿ ਇਹ ਗਲ ੧੫-੨-੨੧ ਨੂੰ ਲਾਹੌਰ ਆ ਕੇ ਕੀਤੀ ਜਾਵੇ। ਸ: ਬੂਟਾ ਸਿੰਘ ਤੇ ਝੱਬਰ ਲਾਹੌਰ ਲਾਇਲ ਗਜ਼ਟ ਅਖਬਾਰ ਦੇ ਦਫਤਰ ਸ: ਅਮਰ ਸਿੰਘ ਪਾਸ ਗਏ ਤੇ ਉਥੇ ਮਹੰਤ ਨੂੰ ਬੁਲਾ ਭੇਜਿਆ, ਪ੍ਰੰਤੂ ਇਥੇ ਝੱਬਰ ਜੀ ਦਾ ਸੂਹੀਆ ਅਵਤਾਰ ਸਿੰਘ, ਜੋ ਮਹੰਤ ਪਾਰਟੀ ਵਿਚ ਮਿਲਿਆ ਜੁਲਿਆ ਨਰੈਣ ਦਾਸ ਦੇ ਨਾਲ ਹੀ ਰਹਿੰਦਾ ਸੀ, ਉਨ੍ਹਾਂ ਨੂੰ ਉਚੇਚਾ ਆ ਕੇ ਮਿਲਿਆ ਅਤੇ ਉਸ ਦਸਿਆ ਕਿ ਕਲ ਰਾਤ ਮਹੰਤ ਨੇ ਆਪਣੇ ਰਾਮ ਗਲੀ ਵਾਲੇ ਮਕਾਨ ਵਿਚ ਇਕ ਗੁਪਤ ਮੀਟਿੰਗ ਕੀਤੀ ਸੀ ਜਿਸ ਵਿਚ ਥੰਮਨ ਦਾ ਮਹੰਤ ਅਰਜਨ ਦਾਸ, ਬਘਿਆਂ ਵਾਲੇ ਦਾ ਜਗਨ ਨਾਥ ਅਤੇ ਮਾਨਕ ਗੁਰਦੁਆਰੇ ਦਾ ਬਸੰਤ ਦਾਸ ਤੇ ਚਾਰ ਪੰਜ ਮਾਝੇ ਦੇ ਜਟ ਸ਼ਾਮਲ ਸਨ। ਨਰੈਣ ਦਾਸ ਨੇ ਮਾਝੇ ਦੇ ਬਦਮਾਸ਼ਾਂ ਨੂੰ ਡੇਢ ਲਖ ਰੁਪਿਆ ਦੇਣਾ ਕੀਤਾ ਹੈ। ਉਹ ਮਾਝੇ ਦੇ ੧੨ ਭਗੌੜੇ ਕਾਤਲ ਨਾਲ ਲੈ ਕੇ ੬ ਮਾਰਚ ਨੂੰ ਨਨਕਾਣਾ ਸਾਹਿਬ ਪੁਜਣਗੇ ਜਿਸ ਵੇਲੇ ਪੰਥਕ ਮੁਖੀਆਂ ਦਾ ਇਕੱਠਾ ਜਨਮ ਅਸਥਾਨ ਵਿਚ ਹੋ ਰਿਹਾ ਹੋਵੇਗਾ, ਇਹ ਅਚਾਨਕ ਹੱਲਾ ਕਰ ਕੇ ਉਨ੍ਹਾਂ ਤੇ ਪੈ ਜਾਣਗੇ ਅਤੇ ਸਭ ਨੂੰ ਮਾਰ ਕੇ ਘੋੜੇ ਭਜਾ ਜਾਣਗੇ। ਮਹੰਤ ਤੇ ਉਸ ਦੇ ਆਦਮੀ 'ਫੜ ਲੋ, ਫੜ ਲੋ, ਮਾਰ ਗਏ' ਕਹਿੰਦੇ ਹੋਏ ਉਨ੍ਹਾਂ ਦਾ ਪਿਛਾ ਕਰਨਗੇ। ਦੂਜੇ ਬੰਨੇ ੬ ਮਾਰਚ ਤਕ ਮਹੰਤ ਸੁਲਹ ਸਫਾਈ ਦੀ ਗੱਲ ਭੀ ਕਰਦਾ ਰਹੇਗਾ।

ਇਸ ਰਿਪੋਰਟ ਨੇ ਝੱਬਰ ਅਤੇ ਉਨ੍ਹਾਂ ਦੇ ਸਾਥੀਆਂ



www.AKJ.Org

ਦੀਆਂ ਅੱਖਾਂ ਖੋਲ੍ਹ ਦਿਤੀਆਂ। ਇਤਨੇ ਚਿਰ ਤਕ ਮਹੰਤ ਨੂੰ ਬੁਲਾਉਣ ਗਿਆ ਆਦਮੀ ਭੀ ਵਾਪਸ ਪੁਜ ਗਿਆ ਤੇ ਉਸ ਨੇ ਦਸਿਆ ਕਿ ਮਹੰਤ ਕਹਿੰਦਾ ਹੈ, 'ਹੁਣ ਤਾਂ ਮੈਂ ਬੇਦੀ ਕਰਤਾਰ ਸਿੰਘ ਦੀ ਕੋਠੀ ਜਾ ਰਿਹਾ ਹਾਂ, ਐਸ ਵੇਲੇ ਮੇਰਾ ਜਾਣ ਨਹੀਂ ਹੁੰਦਾ।' ਇਸ ਇਤਲਾਹ ਨੇ ਭੀ ਸੂੰਹੀਏ ਦੀ ਰਿਪੋਰਟ ਦੀ ਪੁਸ਼ਟੀ ਕੀਤੀ ਅਤੇ ਝੱਬਰ ਉਸੇ ਵੇਲੇ ਗੱਡੀ ਦੜ੍ਹ ਸਿਧਾ ਚੂਹੜਕਾਣੇ ਗੁ: ਖਰਾ ਸੌਦਾ ਪੁਜਾ। ਆਪਣੇ ਜਥੇ ਦੇ ਮੁਖੀ ਆਦਮੀਆਂ ਨੂੰ ਸਾਰੀ ਗੱਲ ਦਸੀ ਅਤੇ ਪ੍ਰੋਗਰਾਮ ਬਣਾਇਆ ਕਿ ੧੯ ਤੇ ੨੦ ਫਰਵਰੀ ਨੂੰ ਜਦੋਂ ਲਾਹੌਰ ਵਿਚ ਸਨਾਤਨ ਸਿਖ ਕਾਨਫਰੰਸ ਹੋਣੀ ਹੈ, ਜਿਸ ਵਿਚ ਮਹੰਤ ਨਰੈਣ ਦਾਸ ਨੇ ਜਾਣਾ ਹੈ, ਗੁਰਦੁਆਰਾ ਜਨਮ ਅਸਥਾਨ ਤੇ ਕਬਜ਼ਾ ਕਰਨ ਦਾ ਮੌਕਾ ਹੋਵੇਗਾ। ਇਸ ਦੀ ਸਲਾਹ ਬਾਰੇ ਖਾਲਸਾ ਦੀਵਾਨ ਦੇ ਮੁਖੀਆਂ ਭਾਈ ਲਛਮਣ ਸਿੰਘ ਟਹਿਲ ਸਿੰਘ ਆਦਿ ਅਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚੱਕ ਨੰ: ੨੦੪ ਅਤੇ ਸੰਤ ਤੇਜਾ ਸਿੰਘ ਜੋ ਦੋਵੇਂ ਨਨਕਾਣਾ ਸਾਹਿਬ ਦੇ ਕਬਜ਼ੇ ਸਮੇਂ ਸਾਥ ਦੇਣ ਲਈ ਕਿਹਾ ਕਰਦੇ ਸਨ, ਨਾਲ ਕਰਕੇ ਫੈਸਲਾ ਹੋਇਆ ਕਿ ੧੦ ਫੱਗਣ ਮੁਤਾਬਕ ੨੦ ਫਰਵਰੀ, ੧੯੨੧ ਨੂੰ ਚਾਰ ਪੰਜ ਹਜ਼ਾਰ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪੁਜਿਆ ਜਾਏ। ਚੁਨਾਚਿ ਇਨ੍ਹਾਂ ਸਾਰਿਆਂ ਜਥੇਦਾਰਾਂ ਵਿਚਾਲੇ ਇਹ ਸਲਾਹ ਪਕ ਗਈ। ਭਾਈ ਲਛਮਣ ਸਿੰਘ ਹੋਰਾਂ ਦੇ ਜਥੇ ਨੇ ਧਾਰੋਵਾਲ ਤੋਂ ਚਲ ਕੇ ਝੱਬਰ ਦੇ ਜਥੇ ਨੂੰ ਨਨਕਾਣਾ ਸਾਹਿਬ ਤੋਂ ਪੰਜ ਮੀਲ ਦੂਰ ਚੰਦਰ ਕੋਟ ਦੀ ਝਾਲ ਤੇ ਮਿਲਣਾ ਸੀ ਅਤੇ ਲਾਇਲਪੁਰ ਤੋਂ ਆਏ ਸਿੰਘਾਂ ਨੂੰ ੨੦ ਫਰਵਰੀ ਸਵੇਰੇ ੪ ਵਜੇ ਨਨਕਾਣਾ ਸਾਹਿਬ ਦੇ ਲਾਗੇ ਭਠਿਆਂ ਤੇ ਮਿਲ ਕੇ ਇਨ੍ਹਾਂ ਸਭ ਨੇ ਗੁ: ਜਨਮ ਅਸਥਾਨ ਪੰਜ ਵਜੇ ਪੁਜਣਾ ਸੀ।

ਇਹ ਚਾਹੁੰਦੇ ਸਨ ਕਿ ਇਹ ਪਰੋਗਰਾਮ ਸ਼ਰੋਮਣੀ ਕਮੇਟੀ ਤੋਂ ਗੁਪਤ ਹੀ ਰਹੇ, ਕਿਉਂਕਿ ੬ ਮਾਰਚ ਵਾਲੇ ਇਕੱਠ ਦੇ ਸਨਮੁਖ ਕਮੇਟੀ ਨੇ ਇਨ੍ਹਾਂ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਦੇਣੀ। ਪਰੰਤੂ ਕਿਸੇ ਤਰ੍ਹਾਂ ਮਾਸਟਰ ਤਾਰਾ ਸਿੰਘ ਤੇ ਸ: ਤੇਜਾ ਸਿੰਘ ਸਮੁੰਦਰੀ ਨੂੰ ਜੋ ਲਾਇਲਪੁਰ ਗਏ ਹੋਏ ਸਨ, ਇਸ ਪਰੋਗਰਾਮ ਦਾ ਪਤਾ ਲਗ ਗਿਆ। ਉਨ੍ਹਾਂ ੧੯ ਫਰਵਰੀ ਸਵੇਰੇ ਪੰਜ ਵਜੇ ਚੂਹੜਕਾਣੇ ਤੋਂ ਲੰਘਦੇ ਹੋਏ ਸ: ਸੁਰਾ ਸਿੰਘ ਜੈ ਦਕ ਵਾਲੇ ਹਥੀਂ ਝੱਦਰ ਨੂੰ ਜੱਥਾ ਨਾ ਲੈ ਜਾਣ ਦਾ ਸੁਨੇਹਾ ਭੇਜਿਆ ਅਤੇ ਫਿਰ ਲਾਹੌਰ ਪੁਜ ਕੇ ਉਥੋਂ ਇਸ ਕੰਮ ਹਿਤ ਭਾਈ ਦਲੀਪ ਸਿੰਘ ਜੀ ਅਤੇ ਸ: ਜਸਵੰਤ ਸਿੰਘ ਝਬਾਲ ਨੂੰ ਚੂਹੜਕਾਣੇ ਭੇਜਿਆ। ਇਸ ਵੇਲੇ ਤਕ ਵਿਰਕੈਤ ਦੇ ਬਹੁਤ ਸਾਰੇ ਸਿੰਘ ਉਥੇ ਪੁਜ ਚੁਕੇ ਸਨ, ਸੰਤ ਤੇਜਾ ਸਿੰਘ ਭੀ ਲਾਇਲਪੁਰ ਤੋਂ ੬੦ ਸਿੰਘਾਂ ਸਮੇਤ ਪੁਜੇ ਹੋਏ ਸਨ ਅਤੇ ਜਥਾ ਸ਼ਾਮ ਪਈ ਨਨਕਾਣਾ ਸਾਹਿਬ ਵਲ, ਜੋ ਇਥੋਂ ੧੫ ਕੋਹ ਹੈ, ਤੁਰਨ ਦੇ ਆਹਰ ਵਿਚ ਸੀ। ਜਦੋਂ ਭਾਈ ਦਲੀਪ ਸਿੰਘ ਹੋਰੀ ਜਥੇ ਨੂੰ ਰੋਕਣ ਦਾ ਹੁਕਮ ਲੈ ਕੇ ਉਥੇ ਪੁਜੇ, ਲੰਮੀ ਵਿਚਾਰ ਮਗਰੋਂ ਸੰਤ ਤੇਜਾ ਸਿੰਘ ਨੇ ਕਿਹਾ 'ਝੱਬਰ ਸਾਹਿਬ, ਜੇ ਤੁਸੀਂ ਸ਼ਰੋਮਣੀ ਪੰਥਕ ਜਥੇਬੰਦੀ ਦੇ ਹੁਕਮ ਦੀ ਉਲੰਘਣਾ ਕਰਕੇ ਨਨਕਾਣਾ ਸਾਹਿਬ ਜਥਾ ਲੈ ਗਏ ਤਾਂ ਤੁਸੀਂ ਪੰਥ ਅਤੇ ਗੁਰੂ ਦੇ ਦੇਣਦਾਰ ਹੋਵੋਗੇ।' ਝੱਬਰ ਲਈ ਇਹ ਅਖੀਰਲੀ ਸਹੁੰ ਸੀ। ਝੱਬਰ ਨੇ ਕਿਹਾ ਕਿ 'ਆਪੋ ਵਿਚ ਹੋਏ ਫੈਸਲੇ ਅਨੁਸਾਰ ਜੇਕਰ ਜਥੇਦਾਰ ਲਛਮਣ ਸਿੰਘ ਹੋਰੀਂ ਜਾਂ ਹੋਰ ਸਿੰਘ ਨਨਕਾਣਾ ਸਾਹਿਬ ਪੁਜ ਗਏ ਪਰੰਤੂ ਅਸੀਂ ਨਾ ਗਏ ਤਾਂ ਜੋ ਨੁਕਸਾਨ ਹੋਇਆ ਉਸ ਦਾ ਕੌਣ ਜ਼ਿੰਮੇਵਾਰ ਹੋਵੇਗਾ?' ਭਾਈ ਦਲੀਪ ਸਿੰਘ ਨੇ ਸੀਨਾ ਠਪਦੇ ਹੋਏ ਝਟ ਕਹਿ ਦਿਤਾ ਕਿ 'ਉਹਨਾਂ ਨੂੰ ਰੋਕ ਲੈਣ ਦੀ ਮੇਰੀ ਜ਼ਿੰਮੇਵਾਰੀ ਹੋਵੇਗੀ।' ਅਖੀਰ ਇਕ ਚਿਠੀ ਲਿਖੀ ਗਈ, ਜਿਸ ਉਤੇ ਭਾਈ ਦਲੀਪ ਸਿੰਘ, ਸ: ਜਸਵੰਤ ਸਿੰਘ ਝਬਾਲ ਆਦਿ ਛੇ ਸਿੰਘਾਂ ਨੇ ਦਸਖਤ ਕੀਤੇ ਤੇ ਚਾਰ ਘੋੜ ਸਵਾਰ, ਜਿਨ੍ਹਾਂ ਵਿਚ ਇਕ ਭਾਈ ਦਲੀਪ ਸਿੰਘ ਸਨ, ਜਥੇਦਾਰ ਲਛਮਣ ਸਿੰਘ ਦੇ ਜਥੇ ਨੂੰ ਰੋਕਣ ਲਈ ਤੁਰ ਪਏ। ਇਹ ਚੰਦਰ ਕੋਟ ਅਤੇ ਉਸ ਤੋਂ ਅਗੇ ਕਈ ਥਾਈਂ ਸਾਰੀ ਰਾਤ ਜਥੇ ਦੀ ਭਾਲ ਵਿਚ ਫਿਰਦੇ ਰਹੇ, ਜੋ



www.AKJ.Org

ਜਥੇ ਜਾਂ ਇੱਕਲੇ ਦੁਕੱਲੇ ਸਿੰਘ ਮਿਲੇ ਉਨ੍ਹਾਂ ਨੂੰ ਨਨਕਾਣਾ ਸਾਹਿਬ ਜਾਣੋਂ ਵਰਜਿਆ, ਪ੍ਰੰਤੂ ਭਾ: ਲਛਮਣ ਸਿੰਘ ਜੀ ਦਾ ਜਥਾ ਇਨ੍ਹਾਂ ਨੂੰ ਨ ਮਿਲਿਆ।

ਅੰਮ੍ਰਿਤ ਵੇਲੇ ਚਾਰ ਵਜੇ ਦੇ ਕਰੀਬ ਇਹ ਨਨਕਾਣਾ ਸਾਹਿਬ ਲਾਗੇ ਪੁਜ ਗਏ। ਇਥੇ ਭੀ ਜਥੇ ਦੇ ਆਉਣ ਦੇ ਕੋਈ ਨਿਸ਼ਾਨ ਨਹੀਂ ਸਨ। ਅਖੀਰ ਭਾਈ ਦਲੀਪ ਸਿੰਘ ਜੀ ਸਾਰੀ ਰਾਤ ਸਫਰ ਤੇ ਉਨੀਂਦੇ ਦੇ ਥਕੇ ਹੋਏ ਸ: ਉਤਮ ਸਿੰਘ ਦੇ ਕਾਰ-ਖਾਨੇ ਗਏ ਅਤੇ ਉਥੋਂ ਭਾਈ ਵਰਿਆਮ ਸਿੰਘ ਭੋਜੀਆਂ ਵਾਲੇ ਨੂੰ, ਜੋ ਝੱਬਰ ਜੀ ਵਲੋਂ ਸੂੰਹੀਏ ਦੇ ਤੌਰ ਤੇ ਨਨ-ਕਾਣਾ ਸਾਹਿਬ ਛਡਿਆ ਹੋਇਆ ਸੀ ਅਤੇ ਜੋ ਸ: ਉਤਮ ਸਿੰਘ ਪਾਸ ਫਰਜ਼ੀ ਮੁਨਸ਼ੀ ਬਣ ਕੇ ਆਪਣੀ ਸੇਵਾ ਨਿਭਾ ਰਿਹਾ ਸੀ; ਜਥੇ ਨੂੰ ਜਾਣੋਂ ਰੋਕਣ ਵਾਲੀ ਚਿਠੀ ਦੇ ਕੇ ਜਥੇ ਦੀ ਭਾਲ ਨਨਕਾਣਾ ਸਾਹਿਬ ਨੂੰ ਆਉਂਦੇ ਰਾਹਾਂ ਤੇ ਕਰਨ ਲਈ ਭੇਜਿਆ।

ਉਧਰ ਭਾਈ ਲਛਮਣ ਸਿੰਘ ਤੇ ਭਾਈ ਟਹਿਲ ਸਿੰਘ ਹੋਰੀਂ ਝੱਬਰ ਜੀ ਨਾਲ ੧੦ ਫੱਗਣ ਦਾ ਦਿਨ ਮਿਥ ਲੈਣ ਉਪ੍ਰੰਤ ਆਪਣੇ ਇਲਾਕੇ ਵਿਚ ਉਨ੍ਹਾਂ ਸਾਰੇ ਸਜਣਾਂ ਪਾਸ ਪਿੰਡੋ ਪਿੰਡ ਤੇ ਘਰੋ ਘਰ ਫਿਰ ਰਹੇ ਸਨ ਜਿਨ੍ਹਾਂ ਨਨਕਾਣਾ ਸਾਹਿਬ ਦੇ ਗੁਰਦੁਆਰੇ ਦੀ ਸੇਵਾ ਵਿਚ ਆਪਣੇ ਸਿਰ ਲਾ ਦੇਣ ਦਾ ਪ੍ਰਣ ਲਿਆ ਹੋਇਆ ਸੀ। ਇਨ੍ਹਾਂ ਨੇ ਦੋ ਦਿਨ ਵਿਚ ਹੀ ਸਭ ਨੂੰ ਨਨਕਾਣਾ ਸਾਹਿਬ ਜਾਣ ਦੇ ਪਰੋਗਰਾਮ ਦੀ ਇਤਲਾਹ ਦੇਂਦੇ ਹੋਏ ਸਭ ਲਈ ਉਹ ਥਾਵਾਂ ਤੇ ਸਮੇਂ ਨੀਯਤ ਕਰ ਦਿਤੇ ਸਨ ਜਿਥੇ ਤੇ ਜਦੋਂ ਉਨ੍ਹਾਂ ਨੇ ਭਾਈ ਲਛਮਣ ਸਿੰਘ ਹੋਰਾਂ ਦੇ ਜੱਥੇ ਨਾਲ ਆ ਕੇ ਮਿਲਣਾ ਸੀ।

ਭਾਈ ਲਛਮਣ ਸਿੰਘ ਜੀ ੨੨ ਹੋਰ ਸਿੰਘ-ਸਿੰਘਣੀਆਂ ਸਮੇਤ ੯ ਫੱਗਣ ਰਾਤ ਦੇ ਸਾਢੇ ੮ ਵਜੇ ਆਪਣੇ ਪਿੰਡ ਧਾਰੋਵਾਲ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸ ਸੋਧ ਤੇ ਹੁਕਮ ਲੈ ਕੇ ਨਜ਼ਾਮਪੁਰ ਦੇਵਾ ਸਿੰਘ ਵਾਲਾ ਨੂੰ ਤੁਰਦੇ ਹਨ। ਇਥੇ ਇਨ੍ਹਾਂ ਦੇ ਨਾਲ ਭਾਈ ਟਹਿਲ ਸਿੰਘ ਆਪਣੇ ਹੋਰ ਸਾਥੀਆਂ ਸਮੇਤ ਆ ਮਿਲਦੇ ਹਨ ਅਤੇ ਰਾਤ ਦੇ ਠੀਕ ਦਸ ਵਜੇ ਇਹ ਸਾਰੇ ਸਿੰਘ ਇਥੋਂ ਕੂਚ ਕਰਦੇ ਹਨ। ਇਥੋਂ ਚਲ ਕੇ ਜਰਮੀ ਡੱਲੇ, ਚਕ ਕੋਟਲਾ ਕਾਹਲਵਾਂ, ਕਾਵਾਂ ਵਾਲੀ, ਭੋਲੇ ਚਕ ਤੋਂ ਹੁੰਦਾ ਹੋਇਆ ਜੱਥਾ ਨਹਿਰ ਦੇ ਬੰਗਲੇ ਮੋਹਲਣ, ਜੋ ਨਨਕਾਣਾ ਸਾਹਿਬ ਤੋਂ ਕੇਵਲ ੬ ਮੀਲ ਹੈ ਪੁਜਿਆ, ਰਸਤੇ ਵਿਚ ਥਾਉਂ ਥਾਈਂ ਸਿੰਘ ਜਥੇ ਨਾਲ ਮਿਲਦੇ ਗਏ।

ਮੋਹਲਣ ਪਹੁੰਚ ਕੇ ਜੱਥੇ ਨੇ ਥੋੜ੍ਹਾ ਚਿਰ ਆਰਾਮ ਕੀਤਾ। ਇਥੋਂ ਚੰਦਰ ਕੋਟ ਦੀ ਝਾਲ ਕੇਵਲ ਦੋ ਮੀਲ ਪੂਰਬ ਦੇ ਰੁਖ ਸੀ ਅਤੇ ਨਨਕਾਣਾ ਸਾਹਿਬ ੬ ਮੀਲ ਦਖਣ ਵਲ। ਇਨ੍ਹਾਂ ਇਹ ਸੋਚ ਕੇ ਕਿ ਚੰਦਰ ਕੋਟ ਵੱਲ ਜਾਣ ਨਾਲ ਐਵੇਂ ਦੋ ਮੀਲ ਦਾ ਵਾਧੂ ਪੰਧ ਪਵੇਗਾ, ਇਹ ਫੈਸਲਾ ਕੀਤਾ ਕਿ ਇਹ ਜਥਾ ਏਥੇ ਹੀ ਅਟਕੇ ਅਤੇ ਕੁਝ ਸਿੰਘ ਚੰਦਰ ਕੋਟ ਜਾ ਕੇ ਝੱਬਰ ਦੇ ਜੱਥੇ ਦਾ ਪਤਾ ਕਰ ਆਉਣ। ਚੁਨਾਂਚਿ ਇਹ ਪਤਾ ਕਰਨ ਦੀ ਡਿਊਟੀ ਜੱਥੇ ਦੇ ਸਕੱਤਰ ਭਾਈ ਦਿਆਲ ਸਿੰਘ ਦੀ ਲਗਾਈ ਗਈ, ਜੋ ਪੰਜ ਸਿੰਘਾਂ ਸਮੇਤ ਨਹਿਰੇ ਨਹਿਰ ਚੰਦਰ ਕੋਟ ਵਲ ਤੁਰ ਗਏ।

ਇਨ੍ਹਾਂ ਨੂੰ ਗਿਆਂ ਥੋੜਾ ਚਿਰ ਹੀ ਹੋਇਆ ਸੀ ਕਿ ਭਾਈ ਟਹਿਲ ਸਿੰਘ ਨੇ ਕਿਹਾ ਕਿ ਸਾਨੂੰ ਏਥੇ ਬੈਠ ਕੇ ਸਮਾਂ ਨਹੀਂ ਗੁਆਉਣਾ ਚਾਹੀਦਾ। ਜਦੋਂ ਅਸੀਂ ਆਪਣੇ ਘਰ ਤੋਂ ਨਨਕਾਣਾ ਸਾਹਿਬ ਵਿਖੇ ਸ਼ਹੀਦ ਹੋਣ ਦਾ ਪ੍ਰਣ ਕਰ ਕੇ ਤੁਰੇ ਹਾਂ ਤਾਂ ਕਿਸੇ ਦੀ ਉਡੀਕ ਕਰਨੀ ਜਾਂ ਐਧਰ ਓਧਰ ਦੀਆਂ ਵੇਹਲੀਆਂ ਊਹਲਾਂ ਤਕਣੀਆਂ ਸਾਡੇ ਲਈ ਠੀਕ ਨਹੀਂ। ਸਾਨੂੰ ਚਾਹੀਦਾ ਹੈ ਅਸੀਂ ਨਨਕਾਣਾ ਸਾਹਿਬ ਨੂੰ ਤੁਰ ਚਲੀਏ। ਜਿਸ ਕਿਸੇ ਸਾਡੇ ਨਾਲ ਚਲਣਾ ਹੋਇਆ, ਰਸਤੇ ਵਿਚ ਆ ਮਿਲੇਗਾ। ਇਹ ਕਹਿੰਦੇ ਹੋਏ ਆਪ ਉਠ ਖੜੇ ਹੋਏ, ਬਾਕੀ ਸਿੰਘ ਵੀ ਤਿਆਰ ਹੋ ਪਏ ਅਤੇ ਇਹ ਸਾਰੇ ਚੰਦਰ ਕੋਟ ਮਿਲਣ ਵਾਲੇ ਜੱਥੇ ਦੀ ਉਡੀਕ ਕੀਤੇ ਬਿਨਾ ਹੀ ਨਨਕਾਣਾ ਸਾਹਿਬ ਨੂੰ ਤੁਰ ਪਏ। ਥੋੜ੍ਹੀ ਦੂਰ ਜਾ ਕੇ



www.AKJ.Org

ਜਿਥੋਂ ਨਨਕਾਣਾ ਸਾਹਿਬ ਦੀ ਜ਼ਮੀਨ ਦੀ ਹੱਦ ਸ਼ੁਰੂ ਹੁੰਦੀ ਹੈ, ਸਾਰਿਆਂ ਬੈਠ ਕੇ ਭਾਈ ਲਛਮਣ ਸਿੰਘ ਨੂੰ ਆਪਣਾ ਜਥੇਦਾਰ ਚੁਣਿਆ ਤੇ ਜੱਥਾ ਅਗੇ ਚਲ ਪਿਆ। ਰਾਤ ਦੀ ਇਕੱਲ ਤੇ ਖ਼ਾਮੋਸ਼ੀ ਅੰਦਰ ਰਵਾਂ ਰਵੀਂ ਤੁਰਦਾ ਜੱਥਾ ਥੋੜ੍ਹੇ ਚਿਰ ਵਿਚ ਹੀ ਨਨਕਾਣਾ ਸਾਹਿਬ ਦੇ ਨੇੜੇ, ਮੌਜੂਦਾ ਤਹਿਸੀਲ ਵਾਲੇ ਥਾਉਂ, ਪੁਜ ਗਿਆ। ਰਸਤੇ ਵਿਚ ਕੋਟ ਦਰਬਾਰ ਦੀ ਜੂਹ ਵਿਚ ਇਕ ਵੇਰ ਸਾਰੇ ਜੱਥੇ ਨੂੰ ਰੋਕ ਕੇ ਭਾਈ ਲਛਮਣ ਸਿੰਘ ਜੀ ਨੇ ਸਾਰੇ ਸਿੰਘਾਂ ਪਾਸੋਂ ਹੱਥ ਨਾ ਉਠਾਉਣ ਅਤੇ ਸ਼ਾਂਤਮਈ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ ਦਾ ਪ੍ਰਣ ਲਿਆ ਸੀ। ਇਹ ਪ੍ਰਣ ਇਥੇ ਫਿਰ ਦੋਹਰਾਇਆ ਗਿਆ ਅਤੇ ਇਥੋਂ ਭਾਈ ਲਛਮਣ ਸਿੰਘ ਦੀ ਸਿੰਘਣੀ ਬੀਬੀ ਇੰਦਰ ਕੌਰ ਅਤੇ ਦੋ ਹੋਰ ਬੀਬੀਆਂ ਜੋ ਸ਼ੁਰੂ ਤੋਂ ਜਥੇ ਦੇ ਨਾਲ ਆਈਆਂ ਸਨ, ਨੂੰ ਭਾਈ ਹਾਕਮ ਸਿੰਘ ਨਾਲ ਗੁ: ਤੰਬੂ ਸਾਹਿਬ ਵੱਲ ਭੇਜ ਦਿਤਾ ਗਿਆ। ਇਸ ਸਮੇਂ ਭਾਈ ਟਹਿਲ ਸਿੰਘ ਨੇ ਆਪਣੀ ਜੇਬ ਵਿਚੋਂ ੧੯ ਰੁਪਏ ਕਢ ਕੇ ਬੀਬੀ ਇੰਦਰ ਕੌਰ ਨੂੰ ਦੇਂਦੇ ਹੋਏ ਕਿਹਾ ਕਿ ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸਾਡੇ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾ ਦੇਣਗੀਆਂ।

ਜਥੇਦਾਰ ਨੇ ਸੰਖੇਪ ਸ਼ਬਦਾਂ ਵਿਚ ਅਰਦਾਸਾ ਸੋਧਿਆ--'ਗੁਰੂ ਨਾਨਕ, ਤੇਰੇ ਦਰ ਦੇ ਕੂਕਰ ਤੇਰੇ ਦਰਸ਼ਨਾਂ ਨੂੰ ਆਏ ਹਾਂ ਤੇ ਇਰਾਦਾ ਧਾਰਿਆ ਏ ਤੇਰੇ ਦਰਬਾਰ ਅੰਦਰ ਹੋ ਰਹੀਆਂ ਕੁਰੀਤੀਆਂ ਨੂੰ ਆਪਣਾ ਖ਼ੂਨ ਪਾ ਕੇ ਧੋਣ ਦਾ। ਤੂੰ ਬਲ ਬਖਸ਼ ਕਿ ਅਸੀਂ ਆਪਣੇ ਇਰਾਦੇ ਵਿਚ ਸਫਲ ਹੋਈਏ ਤੇ ਇਹ ਮਿਟੀ ਦੀਆਂ ਮੜੋਲੀਆਂ ਤੇਰੇ ਚਰਨਾਂ ਵਿਚ ਲਗ ਜਾਣ।' ਹੁਣ ਜੱਥਾ ਅਗੇ ਵਧਣ ਹੀ ਲਗਾ ਸੀ ਕਿ ਭਾਈ ਵਰਿਆਮ ਸਿੰਘ ਜੀ ਭੋਜੀਆਂ ਵਾਲੇ ਜੋ ਜੱਥੇ ਦੀ ਭਾਲ ਵਿਚ ਫਿਰ ਰਹੇ ਸਨ, ਇਥੇ ਪੁਜ ਗਏ ਅਤੇ ਭਾਈ ਲਛਮਣ ਸਿੰਘ ਜੀ ਨੂੰ ਸ਼੍ਰੋ: ਗੁ: ਕਮੇਟੀ ਦੇ ਫੈਸਲੇ ਅਨੁਸਾਰ ਸਚੇ ਸੌਦੇ ਤੋਂ ਛੇ ਸਿੰਘਾਂ ਦੇ ਦਸਖ਼ਤਾਂ ਵਾਲੀ ਚਿੱਠੀ ਦਿਤੀ ਅਤੇ ਹੋਰ ਸਾਰੇ ਜਥਿਆਂ ਦੇ ਰੁਕ ਜਾਣ ਦੀ ਖ਼ਬਰ ਦਿਤੀ। ਇਸ ਗੱਲ ਨੇ ਜੱਥੇ ਦੇ ਸਿੰਘਾਂ ਨੂੰ ਅਜੀਬ ਕਿਸਮਦੀ ਦੁਚਿਤੀ ਵਿਚ ਪਾ ਦਿਤਾ ਅਤੇ ਨਵੇਂ ਪੈਦਾ ਹੋਏ ਹਾਲਾਤ ਤੇ ਵਿਚਾਰ ਹੋਣੀ ਸ਼ੁਰੂ ਹੋਈ।

ਸਮਾਂ ਬਹੁਤ ਥੋੜ੍ਹਾ ਸੀ ਅਤੇ ਪ੍ਰਭਾਤ ਦੀ ਲੋ ਸਾਮ੍ਹਣੇ, ਰਾਤ ਦਾ ਹਨੇਰਾ ਪਲਾਂ ਛਨਾਂ ਵਿਚ ਉਡਦਾ ਜਾ ਰਿਹਾ ਸੀ। ਅਜਿਹੇ ਸਮੇਂ ਲੰਮੀਆਂ ਵਿਚਾਰਾਂ ਨਹੀਂ ਹੋਇਆ ਕਰਦੀਆਂ ਅਤੇ ਨਾ ਹਾਲਾਤ ਹੀ ਅਜਿਹਾ ਕਰਨ ਦੀ ਇਜਾਜ਼ਤ ਦੇਂਦੇ ਸਨ। ਇਕ ਬੰਨੇ ਸ਼੍ਰੋਮਣੀ ਕਮੇਟੀ ਅਤੇ ਪੰਥ ਦਾ ਨਾ ਜਾਣ ਦਾ ਹੁਕਮ ਹੈ, ਦੂਜੇ ਬੰਨੇ ਹੋ ਚੁਕੇ ਅਰਦਾਸੇ ਅਤੇ ਕੀਤੇ ਬਚਨ ਦਾ ਸਤਿਕਾਰ ਹੈ, ਤੀਜੇ ਗੁਰਦੁਆਰੇ ਦੀ ਪਵਿਤ੍ਰਤਾ ਨੂੰ ਕਾਇਮ ਰਖਣ ਲਈ ਜ਼ਿੰਦਗੀ ਲਾ ਦੇਣ ਅਤੇ ਸ਼ਹੀਦਾਂ ਦੀ ਕਤਾਰ ਵਿਚ ਜਾ ਖੜੇ ਹੋਣ ਦੀ ਅਤਿ ਤੀਖਣ ਲਾਲਸਾ ਹੈ। ਪ੍ਰੰਤੂ ਇਸ ਬਾਰੇ ਹੋਰ ਸੋਚਣ ਦਾ ਸਮਾਂ ਵੀ ਨਹੀਂ ਰਿਹਾ। ਅਜਿਹੇ ਸਮੇਂ ਮਨੁਖੀ ਮਨ ਦੀ ਅੰਦਰਲੀ ਧੂਹ ਹੀ ਕਿਸੇ ਫ਼ੈਸਲੇ ਤੇ ਪੁਜਣ ਦੇ ਸਮਰਥ ਹੋਇਆ ਕਰਦੀ ਹੈ। ਇਹ ਧੂਹ ਭਾਵੇਂ ਇਸ ਜਥੇ ਦੇ ਸਾਰੇ ਸਿੰਘਾਂ ਅੰਦਰ ਮੌਜੂਦ ਸੀ ਪ੍ਰੰਤੂ ਜਿਸ ਗਹਿਰੀ ਲਗਨ ਨੇ ਸ਼ਹਾਦਤ ਦਾ ਸੱਚਾ ਤੇ ਸੁਚਾ ਹੀਰੋ ਹੋਣ ਦਾ ਮਾਣ ਬਖਸ਼ਣਾ ਸੀ ਉਹ ਹੜ੍ਹੇ ਦਰਿਆ ਦੀ ਕਦੀ ਨਾ ਠਲ੍ਹੀਣ ਵਾਲੀ ਕਾਂਗ ਵਾਂਗੂ ਭਾਈ ਟਹਿਲ ਸਿੰਘ ਦੇ ਅੰਦਰੋਂ ਉਛਲ ਉਛਲ ਵਹਿ ਰਹੀ ਸੀ। ਹੁਣ ਇਹ ਰੁਕ ਨਾ ਸਕੀ ਤੇ ਭਾਈ ਟਹਿਲ ਸਿੰਘ ਹੁਰੀਂ ਬੋਲ ਉਠੇ, "ਖ਼ਾਲਸਾ ਜੀ, ਹੁਣ ਸੋਚਣ ਦਾ ਸਮਾਂ ਨਹੀਂ। ਅਸੀਂ ਆਪਣੀਆਂ ਜ਼ਿੰਦਗੀਆਂ ਗੁਰਦੁਆਰੇ ਦੀ ਖ਼ਾਤਰ ਲਗਾ ਦੇਣ ਦਾ ਬਚਨ ਕਰ ਚੁਕੇ ਹੋਏ ਹਾਂ, ਇਹੋ ਇਰਾਦਾ ਧਾਰ ਕੇ ਘਰਾਂ ਤੋਂ ਤੁਰੇ ਸਾਂ ਕਿ ਅਸਾਂ ਨਨਕਾਣਾ ਸਾਹਿਬ ਸ਼ਹੀਦ ਹੋਣਾ ਹੈ ਅਤੇ ਇਹੋ ਅਰਦਾਸ ਤੁਸਾਂ ਹੁਣੇ ਕੀਤੀ ਹੈ। ਆਪਣੇ ਕੀਤੇ ਬਚਨਾਂ ਤੋਂ ਫਿਰਨਾ ਸੂਰਮਿਆਂ ਦਾ ਕੰਮ ਨਹੀਂ। ਮੈਂ ਵਾਪਸ ਨਹੀਂ ਜਾਵਾਂਗਾ, ਕੋਈ ਮੇਰੇ ਨਾਲ ਤੁਰੇ ਜਾਂ ਨਾ, ਮੈਂ ਤਾਂ ਸਿਧਾ ਗੁਰਦੁਆਰੇ ਜਾਵਾਂਗਾ ਅਤੇ ਜੇ ਮੇਰੇ ਭਾਗਾਂ ਵਿਚ



www.AKJ.Org

ਹੋਈ ਤਾਂ ਸ਼ਹੀਦੀ ਪ੍ਰਾਪਤ ਕਰਾਂਗਾ।'' ਇਉਂ ਕਹਿੰਦੇ ਹੋਏ ਭਾਈ ਟਹਿਲ ਸਿੰਘ ਜੀ ਗੁ: ਜਨਮ ਅਸਥਾਨ ਦੇ ਰੁਖ ਨੂੰ ਵਗ ਤੁਰੇ। ਫੇਰ ਕੌਣ ਸੀ ਜੋ ਪਿਛਾਂਹਾਂ ਹਟਦਾ ? ਸਾਰੇ ਹੀ ਵਾਹੋ ਦਾਹੀ ਗੁਰਦੁਆਰੇ ਵੱਲ ਨੂੰ ਤਿਖੇ ਕਦਮੀਂ ਤੁਰ ਪਏ। ਚੌ: ਪਾਲ ਸਿੰਘ ਜੋ ਬੁਚੀਆਣੇ ਵਲੋਂ ਕਈ ਜੱਥਿਆਂ ਨੂੰ ਮੋੜਦੇ ਹੋਏ ਠੀਕ ਇਸੇ ਸਮੇਂ ਇਥੇ ਪੁਜੇ ਸਨ ਦੌੜ ਕੇ ਭਾਈ ਲਛਮਣ ਸਿੰਘ ਨੂੰ ਜਾ ਮਿਲੇ ਅਤੇ ਜੱਫਾ ਮਾਰ ਕੇ ਉਨ੍ਹਾਂ ਨੂੰ ਰੋਕ ਲੈਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਹੁਣ ਉਨ੍ਹਾਂ ਦੀ ਕੌਣ ਸੁਣਦਾ ਸੀ। ਭਾਈ ਲਛਮਣ ਸਿੰਘ ਨੇ ਜੋ ਸਰੀਰ ਕਰਕੇ ਬੜੇ ਬਲ ਵਾਲੇ ਤੇ ਦਰਸ਼ਨੀ ਜੁਆਨ ਸਨ, ਚੌ:ਪਾਲ ਸਿੰਘ ਨੂੰ ਝੰਜੋੜ ਕੇ ਪਰੇ ਕੀਤਾ। **ਭਾਈ ਵਰਿਆਮ** ਸਿੰਘ ਨਜ਼ਾਮਪੁਰੀਏ ਨੇ ਚੌ: ਪਾਲ ਸਿੰਘ ਨੂੰ ਪਿਛੇ ਹਟ ਜਾਣ ਲਈ ਕਿਹਾ ਤੇ ਆਪ ਸਾਰੇ ਜੱਥੇ ਸਮੇਤ ਫਟਾ ਫਟ ਦਰਸ਼ਨੀ ਡਿਊਟੀ ਦੇ ਰਸਤੇ ਗੁਰਦੁਆਰੇ ਅੰਦਰ ਜਾ ਦਾਖ਼ਲ ਹੋਏ। ਇਸ ਵੇਲੇ ਪੌਣੇ ਛੇ ਵਜੇ ਦਾ ਸਮਾਂ ਸੀ।

ਅੰਦਰ ਪੁਜਦੇ ਸਾਰ ਹੀ ਮੱਥਾ ਟੇਕ ਕੇ ਜਥੇਦਾਰ ਲਛਮਣ ਸਿੰਘ ਜੀ ਨੇ ਜਥੇ ਦੇ ਸਾਰੇ ਸਿੰਘਾਂ ਨੂੰ ਥਾਉਂ ਥਾਈਂ ਡਿਊਟੀਆਂ ਦੀ ਸੌਂਪਨਾ ਕਰ ਦਿਤੀ ਅਤੇ ਆਪ ਕੁਝ ਸਿੰਘਾਂ ਸਮੇਤ ਗੁਰਦੁਆਰੇ ਦੀ ਚੌਖੰਡੀ (ਪ੍ਰਕਾਸ਼-ਅਸਥਾਨ) ਅੰਦਰ ਦਾਖਲ ਹੋ ਗਏ। ਭਾਈ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠ ਬੈਠ ਗਏ ਅਤੇ ਆਸਾ ਦੀ ਵਾਰ ਦਾ ਪਾਠ ਆਰੰਭ ਦਿੱਤਾ।

ਮਹੰਤ ਨਰੈਣ ਦਾਸ, ਜੋ ਉਸ ਸਮੇਂ ਗੁਰਦੁਆਰੇ ਦੇ ਲਹਿੰਦੇ ਤੇ ਦਖਣ ਦੀ ਗੁਠ ਵਾਲੇ ਮਕਾਨ (ਮਿਹਮਾਨ ਖ਼ਾਨੇ) ਦੇ ਚੁਬਾਰੇ ਵਿਚੋਂ ਇਸ ਸਾਰੇ ਕੌਤਕ ਨੂੰ ਵੇਖ ਰਿਹਾ ਸੀ, ਨੇ ਆਪਣੇ ਆਦਮੀਆਂ, ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾਂ ਨੂੰ ਜੋ ਇਸ ਸਮੇਂ ਦੀ ਉਡੀਕ ਲਈ ਰਖੇ ਹੋਏ ਸਨ, ਮਿਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿਤਾ, ਜਿਸ ਹੁਕਮ ਨੂੰ ਪਾ ਕੇ ਇਹ ਦੱਖਣੀ ਦਰਵਾਜ਼ੇ ਵਲੋਂ ਬਾਹਰ ਤੋਂ ਪਉੜੀਆਂ ਰਾਹੀਂ ਇਸ ਬਾਹੀ ਵਾਲੇ ਮਕਾਨਾਂ ਦੀਆਂ ਛਤਾਂ ਉਪਰ ਚੜ੍ਹ ਗਏ ਅਤੇ ਬੰਦੂਕਾਂ ਨਾਲ ਗੋਲੀ ਦਾਗਣੀ ਸ਼ੁਰੂ ਕਰ ਦਿਤੀ। ਮਿੰਟਾਂ ਸਕਿੰਟਾਂ ਵਿਚ ਉਹ ਸਾਰੇ ਸਿੰਘ ਜੋ ਚੌਖੰਡੀ ਦੇ ਬਾਹਰ ਸਨ ਅਤੇ ਇਨ੍ਹਾਂ ਛੱਤਾਂ ਤੋਂ ਗੋਲੀ ਦਾ ਨਿਸ਼ਾਨਾ ਹੋ ਸਕਦੇ ਸਨ, ਫੁੰਡ ਦਿਤੇ ਗਏ। ਭਾਈ ਟਹਿਲ ਸਿੰਘ ਹੋਰੀਂ, ਜਿਨ੍ਹਾਂ ਦੀ ਡਿਊਟੀ ਦਖਣੀ ਦਰਵਾਜ਼ੇ ਦੇ ਅੰਦਰ ਵੱਲ ਨੂੰ ਸੀ, ਭੀ ਇਨ੍ਹਾਂ ਦੀ ਇਕ ਗੋਲੀ ਸੀਨੇ ਵਿਚ ਖਾ ਕੇ ਇਥੇ ਹੀ ਸ਼ਹੀਦ ਹੋ ਗਏ। ਉਪ੍ਰੰਤ ਮਹੰਤ ਦੇ ਆਦਮੀ ਬੰਦੂਕਾਂ, ਬਰਛੀਆਂ ਗੰਡਾਸੇ ਲਈ ਅੰਦਰ ਨੂੰ ਹੇਠਾਂ ਉਤਰੇ ਅਤੇ ਚੌਖੰਡੀ ਦੇ ਪਛਮੀ ਦਰਵਾਜ਼ੇ ਦੇ ਰਸਤੇ ਗੋਲੀਆਂ ਮਾਰ ਮਾਰ ਅੰਦਰ ਬੈਠੇ ਸਾਰੇ ਸਿੰਘ ਫਟੜ ਜਾਂ ਸ਼ਹੀਦ ਕਰ ਦਿਤੇ। ਕਈ ਗੋਲੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀ ਲੰਘ ਕੇ ਸਾਮ੍ਹਣੀ ਦੀਵਾਰ ਨਾਲ ਵਜਦੀਆਂ ਰਹੀਆਂ, ਜਿਨ੍ਹਾਂ ਦੇ ਨਿਸ਼ਾਨ ਅਜ ਤਕ ਮੌਜੂਦ ਹਨ। ਫਟੜ ਤੇ ਸ਼ਹੀਦ ਹੋਏ ਸਿੰਘਾਂ ਦੇ ਖ਼ੂਨ ਦੇ ਪਰਨਾਲੇ ਅੰਦਰੋਂ ਬਾਹਰ ਨੂੰ ਚਲ ਰਹੇ ਸਨ ਅਤੇ ਚੌਖੰਡੀ ਦੇ ਬਾਹਰ ਦਾ ਚੁਬੱਚਾ ਭਰ ਕੇ ਖ਼ੂਨ ਦੇ ਵਹਿਣ ਫਰਸ਼ ਦੇ ਉਪਰ ਐਉਂ ਚਲਦੇ ਸਨ ਜਿਵੇਂ ਤਿਖੀ ਵਰਖਾ ਹੋਣ ਤੇ ਗਲੀਆਂ ਬਾਜ਼ਾਰਾਂ ਅੰਦਰ ਪਾਣੀ ਦੀਆਂ ਨਦੀਆਂ ਚਲਦੀਆਂ ਹਨ।

ਗੁਰਦੁਆਰਾ ਜਨਮ ਅਸਥਾਨ ਅੰਦਰ ਲਗਾਤਾਰ ਗੋਲੀ ਚਲਣ ਦੀ ਅਵਾਜ਼ ਦੂਰ ਦੁਰਾਡੇ ਸੁਣੀ ਜਾ ਰਹੀ ਸੀ।ਭਾਈ ਦਲੀਪ ਸਿੰਘ ਅਤੇ ਜ:ਬੂਟਾ ਸਿੰਘ ਚਕ੨੦੪ ਤੇ ਸ੍ਰ: ਉਤਮ ਸਿੰਘ ਨੇ ਇਹ ਅਵਾਜ਼ਾਂ ਸ: ਉਤਮ ਸਿੰਘ ਦੇ ਕਾਰਖਾਨੇ ਬੈਠੇ ਸੁਣੀਆਂ। ਸੁਣਦੇ ਸਾਰ ਭਾਈ ਦਲੀਪ ਸਿੰਘ ਤੇ ਭਾਈ ਵਰਿਆਮ ਸਿੰਘ ਜੀ ਗੁਰਦੁਆਰੇ ਵਲ ਨੂੰ ਉਠ ਨਸੇ। (ਭਾਈ ਵਰਿਆਮ ਸਿੰਘ ਹੋਰੀਂ ਭਾਈ ਲਛਮਣ ਸਿੰਘ ਦੇ ਜੱਥੇ ਨੂੰ ਵਾਪਸ ਮੋੜਨ ਵਿਚ ਅਸਫਲ ਹੋਣ ਪਰ ਭਾਈ ਦਲੀਪ ਸਿੰਘ ਨੂੰ ਇਹ ਗੱਲ ਦਸਣ ਲਈ ਉਸੇ ਸਮੇਂ ਹੀ ਕਾਰਖਾਨੇ ਪੁਜੇ ਸਨ ਅਤੇ ਹਾਲਾਂ ਆਪਣੀ ਗੱਲ ਦਸ ਹੀ ਰਹੇ ਸਨ ਕਿ ਗੋਲੀ ਚਲਣ ਦੀ ਆਵਾਜ਼ ਇਨ੍ਹਾਂ


www.AKJ.Org

ਦੇ ਕੰਨੀ ਪਈ) ਭਾਵੇਂ ਸ੍ਰ: ਉਤਮ ਸਿੰਘ ਨੇ ਇਨ੍ਹਾਂ ਨੂੰ ਬਹੁਤ ਰੋਕਿਆ, ਪਰ ਇਨ੍ਹਾਂ ਇਕ ਨਹੀਂ ਸੁਣੀ। ਉਸ ਵੇਲੇ ਦੀ ਭਾਈ ਦਲੀਪ ਸਿੰਘ ਦੇ ਮਨ ਦੀ ਦਸ਼ਾ ਨੂੰ ਕੌਣ ਜਾਣ ਸਕਦਾ ਏ ? ਉਨ੍ਹਾਂ ਖਰੇ ਸੌਦੇ ਬਚਨ ਦਿਤਾ ਸੀ ਕਿ ਉਹ ਭਾ: ਲਛਮਣ ਸਿੰਘ ਹੋਰਾਂ ਦੇ ਜਥੇ ਨੂੰ ਰੋਕ ਲੈਣਗੇ, ਜਿਸ ਨੂੰ ਉਹ ਪੂਰਾ ਨਾ ਕਰ ਸਕੇ। ਹੁਣ ਉਹ ਭੀ ਸ਼ਹੀਦ ਹੋਇਆ ਚਾਹੁੰਦੇ ਸਨ ਤਾਂ ਕਿ ਉਹ ਸਤਿਗੁਰੂ ਦੇ ਹਜ਼ੂਰ ਸਨਮੁਖ ਕਹਿ ਸਕਣ ਕਿ 'ਹਜ਼ੂਰ, ਮੈਂ ਜਥੇ ਨੂੰ ਮੋੜਦਾ ਮੋੜਦਾ ਤੇਰੇ ਤੋੜੀਂ ਪੁਜ ਗਿਆ ਹਾਂ, ਹੁਣ ਤੂੰ ਹੀ ਦੇਖ ਲੈ ਕਿ ਮੈਂ ਇਨ੍ਹਾਂ ਨੂੰ ਮੋੜਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ'। ਵਾਹ ! ਭਾਈ ਦਲੀਪ ਸਿੰਘ, ਗੋਲੀ ਵਰ੍ਹ ਰਹੀ ਹੈ ਪਰ ਆਪ ਮੀਲ ਭਰ ਤੋਂ ਨਿਸ਼ਾਨਾ ਬਨਣ ਹਿਤ ਜਾ ਰਹੇ ਹਨ। ਸਮੇਤ ਵਰਿਆਮ ਸਿੰਘ ਦੇ ਇਹ ਜਨਮ ਅਸਥਾਨ ਪੁਜੇ ਅਤੇ ਗੁਰਦੁਆਰੇ ਦੇ ਬਾਹਰ ਹੀ ਮਹੰਤ ਦੇ ਆਦਮੀਆਂ ਹੱਥੋਂ ਅਤੇ ਮਹੰਤ ਦੀ ਚਲਾਈ ਪਿਸਤੌਲ ਦੀ ਗੋਲੀ ਦਾ ਨਿਸ਼ਾਨਾ ਬਣ ਆਪਣੀ ਸੰਸਾਰ ਯਾਤਰਾ ਨੂੰ ਸਦਾ ਲਈ ਪੂਰਾ ਕਰ ਗਏ। ਕਾਤਲਾਂ ਨੇ ਇਨ੍ਹਾਂ ਦੀਆਂ ਲਾਸ਼ਾਂ ਨੂੰ ਧੂਹ ਕੇ ਪਾਸ ਹੀ ਬਲ ਰਹੀ ਘੁਮਿਆਰਾਂ ਦੀ ਆਵੀ ਵਿਚ ਸੁਟ ਦਿਤਾ ਤਾਂ ਕਿ ਇਹ ਭੀ ਪਕ ਜਾਣ ਅਤੇ ਟਣਕਣ ਪਕੇ ਭਾਂਡਿਆਂ ਵਾਂਗ ਗੁਰੂ ਨਾਨਕ ਦੀ ਦਰਗਾਹ ਅੰਦਰ, ਜਿਥੇ ਕਚਿਆਂ ਦੀ ਥਾਂ ਨਹੀਂ, ਜਿਥੇ ਕੇਵਲ ਓਹ ਵਸਦੇ ਨੇ ਜੋ ਸਿਦਕ ਦੇ ਪਕੇ ਨੇ।

ਇਸ ਸਮੇਂ ਤਕ ਗੁਰਦੁਆਰੇ ਅੰਦਰ ਵਾਲੇ ਸਾਰੇ ਸਿੰਘ ਸ਼ਹੀਦ ਜਾਂ ਘਾਇਲ ਹੋ ਚੁਕੇ ਸਨ। ਹੁਣ ਇਸ ਹਾਦਸੇ ਦਾ ਖੁਰਾ ਖੋਜ ਮਿਟਾਉਣ ਲਈ ਮਹੰਤ ਨੇ ਇਨ੍ਹਾਂ ਸਾਰਿਆਂ ਨੂੰ, ਭਾਵੇਂ ਉਹ ਜੀਉਂਦੇ ਸਨ ਜਾਂ ਮਰ ਚੁਕੇ ਸਨ, ਤੇਲ ਪਾ ਕੇ ਫੂਕ ਦੇਣ ਦਾ ਹੁਕਮ ਦਿਤਾ। ਜਿਸ ਤੇ ਜ਼ਖਮੀ ਅਤੇ ਸ਼ਹੀਦ ਸਿੰਘਾਂ ਨੂੰ ਧੂਹ ਧੂਹ ਕੇ ਤਿੰਨ ਢੇਰਾਂ ਵਿਚ ਇਕੱਠਾ ਕੀਤਾ ਗਿਆ ਅਤੇ ਲਕੜ ਕਾਠ ਜੋ ਵੀ ਮਿਲਿਆ, ਇਨ੍ਹਾਂ ਉਪਰ ਸੁਟ, ਉਪਰੋਂ ਮਿਟੀ ਦਾ ਤੇਲ ਪਾ ਕੇ ਅੱਗ ਲਗਾ ਦਿਤੀ ਗਈ ਅਤੇ ਇਸ ਤਰ੍ਹਾਂ ਲਗ ਪਗ ੧੩੦ ਸਿੰਘਾਂ ਨੂੰ ਉਹ ਜਾਮੇ-ਸ਼ਹਾਦਤ, ਜਿਸ ਦੇ ਪੀਣ ਲਈ ਇਹ ਆਪਣੇ ਆਪਣੇ ਘਰਾਂ ਤੋਂ ਪੂਰੀ ਤਿਆਰੀ ਕਰ ਕੇ ਆਏ ਸਨ, ਪਿਲਾ ਦਿਤਾ ਗਿਆ। ਖੋਜ ਕਰਨ ਤੇ ੮੬ ਸ਼ਹੀਦ ਸਿੰਘਾਂ ਦਾ ਪੂਰਾ ਥਾਂ ਪਤਾ ਮਿਲ ਸਕਿਆ ਹੈ।

ਇਹ ਸ਼ਹਾਦਤ ਆਪਣੇ ਆਪ ਵਿਚ ਇਸ ਗੱਲ ਦੀ ਗਵਾਹ ਹੈ ਕਿ ਜੇਕਰ ਇਹ ਸਿੰਘ ਇਸ ਦਿਨ ਨਨਕਾਣਾ ਸਾਹਿਬ ਨਾ ਆਉਂਦੇ ਤਾਂ ਮਹੰਤ ਇਸ ਦੁਰਘਟਨਾ ਲਈ ਕੀਤੀ ਹੋਈ ਤਿਆਰੀ ਨੂੰ ੬ ਮਾਰਚ ਨੂੰ ਹੋਣ ਵਾਲੇ ਇਕੱਠ ਤੇ ਉਸੇ ਤਰ੍ਹਾਂ ਵਰਤਦਾ ਜਿਸ ਤਰ੍ਹਾਂ ਉਸ ਨੇ ੨੦ ਫਰਵਰੀ ਨੂੰ ਵਰਤਿਆ ਅਤੇ ਐਸੀ ਹਾਲਤ ਵਿਚ ਜੋ ਕੌਮੀ ਅਤੇ ਮੁਲਕੀ ਨੁਕਸਾਨ ਹੁੰਦਾ ਉਸ ਨੂੰ ਸ਼ਾਇਦ ਕਈ ਪੁਸ਼ਤਾਂ ਵਿਚ ਵੀ ਭਾਰਤ ਪੂਰਾ ਨਾ ਕਰ ਸਕਦਾ। ਇਸ ਲਿਹਾਜ਼ ਤੋਂ ਭਾਈ ਲਛਮਣ ਸਿੰਘ, ਭਾਈ ਟਹਿਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਭਾਰਤ ਅੰਦਰ ਇਕ ਵਿਸ਼ੇਸ਼ ਅਹਿਮੀਅਤ ਰਖਦੀ ਹੈ। ਅਜਿਹੀ ਸ਼ਹਾਦਤ ਤੋਂ ਬਿਨਾਂ ਨਨਕਾਣਾ ਸਾਹਿਬ ਜੈਸੇ ਅਸਥਾਨ ਦਾ ਨਰੈਣ ਦਾਸ ਵਰਗੇ ਆਚਰਣ-ਹੀਨ ਮਨੁੱਖ ਦੇ ਪੰਜੇ ਤੋਂ ਆਜ਼ਾਦ ਹੋਣਾ ਵੀ ਕਠਨ ਸੀ। ਪ੍ਰੰਤੂ ਸਭ ਤੋਂ ਵਡੀ ਸੇਵਾ ਜੋ ਇਨ੍ਹਾਂ ਸ਼ਹੀਦਾਂ ਨੇ ਆਪਣੀ ਬਲੀ ਦੇ ਕੇ ਕੀਤੀ ਉਹ ਸਾਰੇ ਦੇਸ਼ ਅਤੇ ਖਾਸ ਕਰ ਸਿੱਖ ਕੌਮ ਅੰਦਰ ਜਾਨਬਾਜ਼ੀ ਦੀ ਉਸ ਸਪਿਰਿਟ ਨੂੰ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਅੰਦਰ ਭਰੀ ਸੀ, ਅਤੇ ਜਿਸ ਨੂੰ ਇਹ ਲੋਕ ਭੁਲਦੇ ਜਾ ਰਹੇ ਸਨ, ਮੁੜ ਨਵੇਂ ਸਿਰਿਓਂ ਤਾਜ਼ਾ ਕਰ ਦਿੱਤਾ, ਜਿਸ ਦਾ ਸਿੱਟਾ ਸਮੁੱਚੀ ਅਕਾਲੀ ਲਹਿਰ ਅਤੇ ਗੁਰੂ ਕੇ ਬਾਗ਼ ਤੇ ਗੁ: ਗੰਗਸਰ ਜੈਤੋ ਦੀਆਂ ਬੇਮਿਸਾਲ ਕੁਰਬਾਨੀਆਂ ਸਨ। ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਲਹਿਰ ਨੂੰ ਹੋਰ ਚਮਕਾਇਆ ਅਤੇ ਪੰਜਾਬ ਨੂੰ ਇਸ ਲਹਿਰ ਦੀ ਸਾਰਿਆਂ ਤੋਂ ਮੂਹਲੀ ਸਫ਼ ਵਿਚ ਲਿਆ ਖੜਾ ਕੀਤਾ।

ਨਨਕਾਣਾ ਸਾਹਿਬ ਵਿਚ ਵਰਤੀ ਇਸ ਘਟਨਾ ਦੀਆਂ ਤਾਰਾਂ ਅੰਮ੍ਰਿਤਸਰ, ਲਾਹੌਰ, ਗੁ: ਖਰਾ ਸੌਦਾ ਅਤੇ ਹੋਰ ਅਨੇਕਾਂ ਥਾਵਾਂ ਤੇ ਸ: ਉਤਮ ਸਿੰਘ ਨੇ ਸ: ਕਰਮ ਸਿੰਘ ਸਟੇਸ਼ਨ ਮਾਸਟਰ ਰਾਹੀਂ ਭਿਜਵਾਈਆਂ।



www.AKJ.Org

## ੨੧ ਫਰਵਰੀ (੧੧ ਫੱਗਣ) ੧੯੨੧

ਕਲ ਮਿਤੀ ੨੦ ਫਰਵਰੀ ਸਵੇਰੇ ਗਿਆਰਾਂ ਵਜੇ ਸ੍ਰੀ ਨਨਕਾਣਾ ਸਾਹਿਬ ਤੋਂ ਆਈਆਂ ਤਾਰਾਂ ਤੋਂ ਗੁਰ-ਦੁਆਰਾ ਖਰਾ ਸੌਦਾ ਚੂਹੜਕਾਣੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਜਨਮ ਅਸਥਾਨ ਵਿਚ ਵਰਤੇ ਸਾਕੇ ਦੀ ਇਤਲਾਹ ਮਿਲ ਚੁਕੀ ਸੀ। ਇਸ ਸਮੇਂ ਖਰੇ ਸੌਦੇ ੮੦-੯੦ ਸਿੰਘ ਹਾਜ਼ਰ ਸਨ। ਝੱਬਰ ਜੀ ਨੇ ਇਨ੍ਹਾਂ ਨੂੰ ਲੈ ਕੇ ਗੁਰੂ ਮਹਾਰਾਜ ਦੇ ਹਜ਼ੂਰ ਅਰਦਾਸਾ ਸੋਧਿਆ, "ਸਚੇ ਪਾਤਸ਼ਾਹ, ਸਾਡੇ ਭਾਈ ਗੁਰਦੁਆਰਾ ਜਨਮ ਅਸਥਾਨ ਨੂੰ ਕੁਕਰਮੀ ਮਹੰਤ ਦੇ ਹੱਥੋਂ ਆਜ਼ਾਦ ਕਰਾਉਣ ਗਏ ਸ਼ਹੀਦ ਹੋ ਗਏ ਹਨ, ਹੁਣ ਇਹ ਤੇਰੇ ਟਹਿਲੀਏ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਕਮਰ ਕਸੇ ਕਰਦੇ ਹਨ। ਅੰਗ ਸੰਗ ਹੋ ਕੇ ਫਤਹ ਬਖਸ਼ਣੀ। ਜੇਕਰ ਅਸੀਂ ਕਬਜ਼ਾ ਨਾ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ।" ਇਹ ਅਰਦਾਸਾ ਸੋਧ ਕੇ ਜਥੇਦਾਰ ਨੇ ੪੦ ਕੁ ਸਿੰਘਾਂ ਨੂੰ ਕੁਝ ਘੋੜ ਸਵਾਰ ਅਤੇ ਕੁਝ ਪੈਦਲ, ਚਾਰੋਂ ਪਾਸੇ ਪਿੰਡਾਂ ਵਿਚ ਭੇਜ ਕੇ ਨਨਕਾਣਾ ਸਾਹਿਬ ਅੰਦਰ ਵਰਤੇ ਭਾਣੇ ਦੀ ਖਬਰ ਦੇਂਦੇ ਹੋਏ ਸਭ ਥਾਈਂ ਇਹ ਸੂਚਨਾ ਭੇਜੀ ਕਿ ਇਹ ਖਬਰ ਮਿਲਣ ਸਾਰ ਹਰ ਪਗ-ਬੰਨ੍ਹ ਸਿੰਘ ਸਨਧ ਬਧ ਹੋ ਕੇ ਨਨਕਾਣਾ ਸਾਹਿਬ ਪੁਜਣ ਦੀ ਤਿਆਰੀ ਕਰੇ ਅਤੇ ੨੧ ਫਰਵਰੀ ਸਵੇਰ ਤਕ ਚੰਦਰ-ਕੋਟ ਝਾਲ ਤੇ,ਜੋ ਨਨਕਾਣਾ ਸਾਹਿਬ ਤੋਂ ਪੰਜ ਮੀਲ ਤੇ ਹੈ, ਪੁਜ ਜਾਵੇ।

੨੦ ਫਰਵਰੀ ਰਾਤ ਦੇ ਗਿਆਰਾਂ ਵਜੇ ਤਕ ਪੰਦਰ੍ਹਾਂ ਸੌ ਸਿੰਘ ਝਾਲ ਤੇ ਪੁਜ ਚੁਕਾ ਸੀ, ਪ੍ਰੰਤੂ ਰਾਤ ਭਰ ਹੋਰ ਉਡੀਕ ਕੀਤੀ ਗਈ ਅਤੇ ੨੧ ਫਰਵਰੀ ਦੁਪਹਿਰ ਨੂੰ ਜਥੇ ਨੇ ਇਥੋਂ ਕੂਚ ਕੀਤਾ। ਇਸ ਵੇਲੇ ਹਾਜ਼ਰ ਸਜਣਾ ਦੀ ਗਿਣਤੀ ਚਾਰ ਹਜ਼ਾਰ ਤੋਂ ਉਪਰ ਸੀ, ਜਿਨ੍ਹਾਂ ਵਿਚ ਬੀਬੀਆਂ ਅਤੇ ਬਿਰਧ ਭੀ ਕਾਫੀ ਸਨ। ਖਿਪਵਾਲੀ ਜੋ ਗੁਰਦੁਆਰੇ ਦੇ ਪੁਰਾਣੇ ਮੁਸਲਮਾਨ ਕਾਸ਼ਤਕਾਰਾਂ ਦੀ ਛੋਟੀ ਜੇਹੀ ਬਸਤੀ ਨਨਕਾਣਾ ਸਾਹਿਬ ਤੋਂ ਦੋ ਮੀਲ ਤੇ ਹੈ, ਪੁਜ ਕੇ ਜਥੇ-ਦਾਰ ਝੱਬਰ ਨੇ ਸਭ ਨੂੰ ਖੜੇ ਹੋ ਜਾਣ ਲਈ ਕਿਹਾ ਅਤੇ ਦਸਿਆ ਕਿ ਗੁਰਦੁਆਰਾ ਜਨਮ ਅਸਥਾਨ ਇਸ ਸਮੇਂ ਗੋਰਾ ਫ਼ੌਜ ਦੇ ਕਬਜ਼ੇ ਵਿਚ ਹੈ, ਗੁਰਦੁਆਰੇ ਨੂੰ ਤਾਲੇ ਲਗੇ ਹੋਏ ਹਨ ਅਤੇ ਕਿਸੇ ਨੂੰ ਉਧਰ ਜਾਣ ਦੀ ਆਗਿਆ ਨਹੀਂ। ਅਸੀਂ ਖਰੇ ਸੌਦੇ ਤੋਂ ਅਰ-ਦਾਸਾ ਸੋਧ ਕੇ ਤੁਰੇ ਹਾਂ ਕਿ ਅਸਾਂ ਗੁਰਦੁਆਰੇ ਦਾ ਕਬਜ਼ਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ। ਇਸ ਲਈ ਇਥੋਂ ਅਗੇ ਕੇਵਲ ਉਹ ਸਜਣ ਤੁਰਨ ਜਿਨ੍ਹਾਂ ਇਸ ਫੈਸਲੇ ਤੇ ਡਟਣਾ ਹੈ, ਬਾਕੀ ਦੇ ਸਿੰਘ ਅਤੇ ਬੀਬੀਆਂ ਇਥੋਂ ਗੁਰਦੁਆਰਾ ਕਿਆਰਾ ਸਾਹਿਬ ਦੇ ਰਸਤੇ ਉਧਰ ਚਲੇ ਜਾਣ। ਇਉਂ ਕਹਿੰਦੇ ਹੋਏ ਜਥੇਦਾਰ ਨੇ ਇਕ ਲਕੀਰ ਖਿੱਚ ਦਿਤੀ ਅਤੇ ਬਾਈ ਸੌ ਜਵਾਨਾਂ, ਜੋ ਇਸ ਲਕੀਰ ਤੋਂ ਲੰਘੇ, ਨੂੰ ਦੋ ਦੋ ਸੌ ਦੇ ਗਿਆਰਾਂ ਜਥਿਆਂ ਵਿਚ ਵੰਡ ਕੇ ਹਰ ਜਥੇ ਦਾ ਆਪੋ ਆਪਣਾ ਜਥੇਦਾਰ ਥਾਪ ਦਿਤਾ ਅਤੇ ਝੱਬਰ ਸਾਹਿਬ ਆਪ ਘੋੜੇ ਤੇ ਸਵਾਰ ਸਭ ਤੋਂ ਅਗੇ ਹੋ ਤੁਰੇ ਅਤੇ ਸਾਰੇ ਜਥਿਆਂ ਨੇ ਗੁਰਦੁਆਰਾ ਜਨਮ ਅਸਥਾਨ ਵੱਲ ਮਾਰਚ ਕੀਤਾ। ਬਾਕੀ ਦੀ ਸਾਰੀ ਸੰਗਤ ਨੇ ਗੁ: ਕਿਆਰਾ ਸਾਹਿਬ ਦਾ ਰਸਤਾ ਲਿਆ।

ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।

ਹੱਥ ਨ ਚੁਕਣ ਦੀ ਸ਼ਾਂਤਮਈ ਪਾਲਿਸੀ ਦੀ ਵਰਤੋਂ ਹੋ ਚੁਕੀ ਸੀ। ਇਸ ਦਾ ਸਿੱਟਾ ਸੀ ੧੩੦ ਸਿੰਘਾਂ ਦੀ ਅਲੌਕਿਕ ਸ਼ਹੀਦੀ, ਜਿਸ ਨੇ ਸਮੁਚੇ ਪੰਥ ਦੇ ਖ਼ੂਨ ਨੂੰ ਗਰਮਾਇਆ। ਸ਼ਾਂਤਮਈ ਨੇ 'ਜੂਝ ਮਰਉਂ ਰਣ ਮੈਂ ਤਜ ਭੈ' ਦਾ ਰੰਗ ਅਪਣਾਇਆ ਅਤੇ ਇਹ ਬਾਈ ਸੌ ਸਿੰਘਾਂ ਦਾ ਜਥਾ, ਜਿਸ ਦਾ ਹਰ ਸਿੰਘ ਗੰਡਾਸੇ,ਸਫਾਜੰਗ,ਕ੍ਰਿਪਾਨ ਜਾਂ ਡਾਂਗ ਨਾਲ ਹਥਿਆਰ-ਬੰਦ ਸੀ, ਬਾਕਾਇਦਾ ਮਾਰਚ ਕਰਦਾ ਹਾਲਾਂ ਗੁ: ਜਨਮ ਅਸਥਾਨ ਅਤੇ ਖਿਪਵਾਲੀ ਦੇ ਅਧ ਵਿਚਾਲੇ ਹੀ ਪੁਜਾ ਸੀ ਕਿ ਸ: ਬ: ਮਹਿਤਾਬ ਸਿੰਘ ਜੋ ਉਸ ਸਮੇਂ ਪੰਜਾਬ ਸਰਕਾਰ ਦੇ ਸਰਕਾਰੀ ਵਕੀਲ ਸੀ, ਘੋੜੇ ਤੇ ਸਵਾਰ ਅਗੋਂ ਆ ਮਿਲੇ ਅਤੇ ਜਥੇ ਨੂੰ ਅਗੇ ਜਾਣ ਤੋਂ ਇਹ ਕਹਿ ਕੇ ਰੋਕਿਆ ਕਿ 'ਅਗੇ ਗੋਰਾ



www.AKJ.Org

ਫ਼ੌਜ ਹੈ ਅਤੇ ਮਸ਼ੀਨ ਗਨਾਂ ਬੀੜੀਆਂ ਹੋਈਆਂ ਹਨ, ਪਤਾ ਨਹੀਂ ਕਿਤਨੇ ਸਿੰਘ ਅਗੇ ਸ਼ਹੀਦ ਹੋ ਚੁਕੇ ਹਨ ਤੇ ਜੇਕਰ ਤੁਸਾਂ ਅਗਾਂਹਾ ਗਏ ਤਾਂ ਤੁਸੀਂ ਭੀ ਮਾਰੇ ਜਾਵੋਗੇ।'

ਝੱਬਰ ਨੇ ਉੱਤਰ ਦਿਤਾ, 'ਸੁਦਾਰ ਬਹਾਦਰ ਜੋ ਕੁਝ ਹੋਣਾ ਸੀ ਹੋ ਚੁਕਾ ਹੈ, ਹੁਣ ਪਿਛੇ ਮੁੜਨ ਦਾ ਸਮਾਂ ਨਹੀਂ, ਅਸੀਂ ਗੁਰਦੁਆਰੇ ਦਾ ਕਬਜ਼ਾ ਲੈਣਾ ਹੈ ਜਾਂ ਸਨਮੁਖ ਸ਼ਹੀਦ ਹੋ ਜਾਣਾ ਹੈ, ਸਾਨੂੰ ਕੁਝ ਨ ਕਹੋ, ਅਸੀਂ ਰੁਕ ਨਹੀਂ ਸਕਦੇ'। ਸੂਦਾਰ ਬਹਾਦਰ ਤਾਂ ਇਹ ਉਤਰ ਲੈ ਕੇ ਵਾਪਸ ਪਰਤ ਗਿਆ ਅਤੇ ਝੱਬਰ ਸਾਹਿਬ ਨੇ ਇਕ ਵੇਰ ਜਥੇ ਨੂੰ ਮੁੜ ਸੰਬੋਧਨ ਕੀਤਾ, "ਖਾਲਸਾ ਜੀ, ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁਜ ਗਏ ਹਾਂ। ਖਾਲਸੇ ਦਾ ਕਰਮ ਹੈ 'ਅਗਾਂਹਾਂ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ' ਜਿਸ ਵੇਲੇ ਗੋਲੀ ਚਲੇ, ਤੁਸਾਂ ਸਭ ਨੇ ਪੂਰੇ ਜ਼ੋਰ ਨਾਲ ਦੌੜ ਕੇ ਗੋਰਾ ਫੌਜ ਤੇ ਹੱਲਾ ਬੋਲਣਾ ਹੈ। ਜੋ ਗੋਲੀ ਖਾ ਕੇ ਡਿਗ ਪਵੇ ਉਸ ਨੂੰ ਪਿਆ ਰਹਿਣ ਦਿਓ, ਅਗੇ ਵਧਦੇ ਜਾਓ ਅਤੇ ਹਥੋ ਹਥੀ ਗੋਰਿਆਂ ਤੇ ਪੈ ਕੇ ਉਹਨਾਂ ਪਾਸੋਂ ਬੰਦੂਕਾਂ ਖੋਹ ਲਵੋ, ਜੋ ਮਰ ਜਾਣਗੇ, ਸ਼ਹੀਦੀ ਪ੍ਰਾਪਤ ਹੋਣਗੇ, ਜੋ ਬਚਣਗੇ ਗੋਰਿਆਂ ਨੂੰ ਚੀਰ ਕੇ ਗੁਰਦੁਆਰੇ ਤੇ ਕਬਜ਼ਾ ਕਰਨਗੇ। ਅਸੀਂ ਅਰਦਾਸਾ ਸੋਧ ਕੇ ਤੁਰੇ ਹਾਂ ਕਿ ਗੁਰਦੁਆਰੇ ਦਾ ਕਬਜ਼ਾ ਕਰਾਂਗੇ ਜਾਂ ਸਨਮੁਖ ਸ਼ਹੀਦ ਹੋਵਾਂਗੇ ਦੋਨਾਂ ਵਿਚੋਂ ਇਕ ਗੱਲ ਤਾਂ ਜ਼ਰੂਰ ਹੋਵੇਗੀ, ਇਸ ਲਈ ਕਿਸੇ ਪ੍ਰਕਾਰ ਦੀ ਢਿਲਿਆਈ ਨਹੀਂ ਵਿਖਾਉਣੀ। ਗੋਰੇ ਦੋ ਸੌ ਹਨ ਤੁਸੀਂ ਬਾਈ ਸੌ ਹੋ, ਤੁਹਾਡੇ ਅਗੇ ਓਹ ਕਿਆ ਚੀਜ਼ ਹਨ।" ਜਥੇ ਵਿਚੋਂ ਕਿਸੇ ਨੇ ਜੈਕਾਰਾ ਬੁਲਾਇਆ ਜੋ ਇਤਨੇ ਜ਼ੋਰ ਦਾ ਸੀ ਕਿ ਧਰਤੀ ਭੀ ਕੰਬਦੀ ਪ੍ਰਤੀਤ ਹੁੰਦੀ ਸੀ। ਇਕ ਮਿੰਟ ਵਿਚ ਸਾਰੇ ਸਿੰਘ ਮੁੜ ਆਪੋ ਆਪਣੇ ਜਥਿਆਂ ਵਿਚ ਮਾਰਚ ਕਰਦੇ ਦਿਸੇ। ਇਸ ਵੇਲੇ ਸ਼ਾਮ ਦੇ ਚਾਰ ਵਜ ਚੁਕੇ ਸਨ। ਅਤੇ ਥੋੜੇ ਸਮੇਂ ਵਿਚ ਹੀ ਇਹ ਰੇਲਵੇ ਲਾਈਨ ਦੇ ਪਾਸ ਪੁਜ ਗਏ। ਇਨ੍ਹਾਂ ਦੇ ਸਾਮ੍ਹਣੇ ਥੋੜੀ ਵਿਥ ਤੇ ਚਾਰ ਅੰਗਰੇਜ਼ ਅਫਸਰ ਕਮਿਸ਼ਨਰ, ਪੁਲਸ ਜਰਨੈਲ, ਫੌਜੀ ਜਰਨੈਲ ਅਤੇ ਡੀ. ਸੀ. ਅਤੇ ਸ੍ਰ. ਬ: ਮਹਿਤਾਬ ਸਿੰਘ, ਸ: ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ ਤੇ ਸ: ਲਾਲ ਸਿੰਘ ਲਾਹੌਰ ਵਾਲੇ ਜੋ ਲਾਹੌਰ ਤੋਂ ਕਮਿਸ਼ਨਰ ਦੇ ਨਾਲ ਹੀ ਇਥੇ ਪੁਜ ਚੁਕੇ ਹੋਏ ਸਨ, ਵਿਖਾਈ ਦਿਤੇ। ਡਿਪਟੀ ਕਮਿਸ਼ਨਰ ਮਿ: ਕਰੀ ਨੇ ਅਗੇ ਵਧ ਕੇ ਝੱਬਰ ਜੀ ਨੂੰ ਜੱਥੇ ਨੂੰ ਰੋਕਣ ਵਾਸਤੇ ਕਿਹਾ ਅਤੇ ਨਾਲ ਹੀ ਧਮਕੀ ਦਿਤੀ ਕਿ 'ਆਗੇ ਗੋਰਾ ਫੌਜ ਹੈ, ਅਗਰ ਆਪ ਆਗੇ ਬੜ੍ਹੋਗੇ ਤੋ ਗੋਲੀ ਚਲ ਜਾਇਗੀ ਔਰ ਤੁਮ ਨਾਹੱਕ ਮਾਰੇ ਜਾਓਗੇ।'

ਝੱਬਰ : 'ਹਾਂ ਹਾਂ, ਆਪ ਗੋਲੀ ਚਲਾਓ ਔਰ ਮੇਰੇ ਜਵਾਨਾਂ ਦੇ ਹੱਥ ਵੇਖੋ।'

ਪੁਲਸ ਜਰਨੈਲ : ਆਪ ਕਿਆ ਚਾਹਤੇ ਹੈਂ ?

ਝੱਬਰ : ਅਸੀਂ ਤੁਹਾਥੋਂ ਤਾਂ ਕੁਝ ਨਹੀਂ ਮੰਗਦੇ। ਇਹ ਗੁਰਦੁਆਰਾ ਸਾਡਾ ਯੂਰੋਸ਼ਲਮ ਹੈ, ਤੁਸੀਂ ਸਾਨੂੰ ਇਥੇ ਜਾਣ ਤੋਂ ਕਿਉਂ ਰੋਕਦੇ ਹੋ ? ਤੁਸੀਂ ਇਸ ਨੂੰ ਜੰਦਰੇ ਕਿਉਂ ਮਾਰੇ ਹਨ ? ਇਸ ਦੀਆਂ ਚਾਬੀਆਂ ਰਖ ਦਿਓ ਔਰ ਫੌਜ ਹਟਾ ਲਵੋ, ਅਸੀਂ ਹੋਰ ਕੁਝ ਨਹੀਂ ਚਾਹੁੰਦੇ।

ਡੀ. ਸੀ. ਕਰੀ : ਬਹੁਤ ਅੱਛਾ ! ਆਪ ਨੂੰ ਚਾਬੀਆਂ ਮਿਲ ਜਾਣਗੀਆਂ, ਪਰ ਅਜ ਦੀ ਰਾਤ ਚਾਰ ਪਹਿਰ ਠਹਿਰੋ।

ਝੱਬਰ : ਸਾਹਿਬ, ਤੈਨੂੰ ਮਤ ਦੇਣ ਵਾਲਾ ਮੈਨੂੰ ਭੀ ਸਮਝਾ ਗਿਆ ਹੈ ਤੂੰ ਚਾਰ ਪਹਿਰ ਕਹਿੰਦਾ ਹੈਂ ਅਸੀਂ ਚਾਰ ਮਿੰਟ ਨਹੀਂ ਅਟਕ ਸਕਦੇ। ਖਾਲਸਾ ਜੀ, ਸਾਹਬ ਕਹਿੰਦਾ ਹੈ ਚਾਰ ਪਹਿਰ ਅਟਕੋ, ਕਲ ਸਵੇਰ ਚਾਬੀਆਂ ਮਿਲਣਗੀਆਂ।

ਇਹ ਸੁਣਦੇ ਸਾਰ ਜਥੇ ਦੀ ਮੂਹਰਲੀ ਕਤਾਰ ਵਿਚੋਂ ਗਿਆਨ ਸਿੰਘ ਨਾਮੀ ਸਿੰਘ ਅਗੇ ਵਧਿਆ ਔਰ ਆਪਣੀ ਛਵੀ ਜ਼ੋਰ ਨਾਲ ਜ਼ਮੀਨ ਤੇ ਮਾਰਦਾ ਹੋਇਆ ਕਹਿਣ ਲਗਾ, 'ਅਸੀਂ ਇਕ ਪਲ ਅਟਕਣ ਨੂੰ ਤਿਆਰ ਨਹੀਂ'। ਗਿਆਨ ਸਿੰਘ ਦੀ ਛਵੀ ਭੁੰਜੇ ਵੱਜਣ ਦੀ ਦੇਰ ਸੀ ਕਿ ਸਾਰੇ ਜਥੇ ਨੇ ਆਪਣਾ ਆਪਣਾ ਹਥਿਆਰ ਜ਼ਮੀਨ ਤੇ ਮਾਰਿਆ ਅਤੇ ਬੜੇ



www.AKJ.Org

ਜੋਸ਼ ਵਿਚ ਸਤਿ ਸ੍ਰੀ ਅਕਾਲ ਦਾ ਜੈਕਾਰਾ ਛਡਿਆ। ਝੱਬਰ ਜੋਸ਼ ਨਾਲ ਬੋਲਿਆ, 'ਸਾਹਬ, ਪਿਛੇ ਹਟ ਜਾਓ, ਐਸਾ ਨ ਹੋਵੇ ਕਿ ਤੁਹਾਡਾ ਕੋਈ ਨੁਕਸਾਨ ਹੋ ਜਾਵੇ, ਇਹ ਜਥਾ ਹੁਣ ਗੁਰਦੁਆਰੇ ਜਾਏਗਾ ਔਰ ਕਿਸੇ ਦਾ ਰੋਕਿਆ ਰੁਕ ਨਹੀਂ ਸਕਦਾ'। ਹੁਣ ਸਾਹਬ ਬੋਲਿਆ, 'ਅਛਾ ਦੋ ਮਿੰਟ ਠਹਿਰੋ ਅਰ ਇਉਂ ਕਹਿੰਦੇ ਹੋਏ ਚੌਹਵਾਂ ਅੰਗਰੇਜ਼ ਅਫਸਰਾਂ ਨੇ ਕੁਝ ਸਲਾਹ ਕੀਤੀ ਅਤੇ ਕਮਿਸ਼ਨਰ ਕਿੰਗ ਨੇ ਅਗੇ ਵਧ ਕੇ ਝੱਬਰ ਨੂੰ ਗੁਰਦੁਆਰੇ ਦੀਆਂ ਚਾਬੀਆਂ ਦੇਂਦੇ ਹੋਏ ਕਿਹਾ, 'ਹਮ ਆਪ ਕੋ ਗੁਰਦੁਆਰੇ ਕੀ ਚਾਬੀਆਂ ਦੇਤਾ ਹੈ ਲੇਕਿਨ ਆਪ ਇਕ ਕਮੇਟੀ ਬਨਾ ਲੋ, ਜਿਸ ਕੋ ਹਮ ਗੁਰਦੁਆਰੇ ਕਾ ਕਬਜ਼ਾ ਲਿਖ ਦੇਂਗੇ। ਦੂਸਰੀ ਬਾਤ ਯੇਹ ਕਿ ਆਪ ਕੁਛ ਦੇਰ ਠਹਿਰੋ, ਹਮ ਫੌਜ ਕੋ ਵਾਪਸ ਬੁਲਾਇੰਗੇ ਔਰ ਫਿਰ ਆਪ ਕਾ ਜਥਾ ਆਗੇ ਬੜੇ'। ਝੱਬਰ ਨੇ ਘੋੜੇ ਤੇ ਚੜ੍ਹ ਕੇ ਜਥੇ ਨੂੰ ਚਾਬੀਆਂ ਵਿਖਾਉਂਦੇ ਹੋਏ ਕਿਹਾ, 'ਖਾਲਸਾ ਜੀ, ਗੁਰਦੁਆਰੇ ਦੀਆਂ ਚਾਬੀਆਂ ਤੁਹਾਨੂੰ ਮਿਲ ਗਈਆਂ ਹਨ, ਪ੍ਰੰਤੂ ਤੁਸੀਂ ਇਥੇ ਅਟਕੋ ਤਾਂ ਕਿ ਗੋਰਾ ਫੌਜ ਰਸਤੇ ਵਿਚੋਂ ਇਕ ਤਰਫ ਹੋ ਜਾਵੇ ਔਰ ਕਾਨੂੰਨੀ ਕਾਰਵਾਈ ਕਰਨ ਲਈ ਇਕ ਕਮੇਟੀ ਬਣਾ ਲਈ ਜਾਵੇ, ਜਿਸ ਨੂੰ ਕਮਿਸ਼ਨਰ ਸਾਹਿਬ ਗੁਰਦੁਆਰੇ ਦਾ ਕਬਜ਼ਾ ਲਿਖ ਦੇਣਗੇ। ਹੁਣ ਸ: ਹਰਬੰਸ ਸਿੰਘ ਜੀ ਅਟਾਰੀ ਨੇ ਕਮਿਸ਼ਨਰ ਨੂੰ ਕਿਹਾ ਕਿ 'ਨਵੀਂ ਕਮੇਟੀ ਬਣਾਉਣ ਦੀ ਲੋੜ ਨਹੀਂ ਕਿਉਂਕਿ ਸ਼੍ਰੋਮਣੀ ਗੁਰਦੁਆਰਾ ਕਮੇਟੀ ਪਹਿਲੇ ਹੀ ਬਣ ਚੁਕੀ ਹੋਈ ਹੈ। ਉਹ ਸਿਖ ਕੌਮ ਦੀ ਨੁਮਾਇੰਦਾ ਜਮਾਤ ਹੈ, ਤੁਸੀਂ ਉਸ ਕਮੇਟੀ ਦੇ ਨਾਮ ਹੀ ਗੁਰਦੁਆਰੇ ਦਾ ਕਬਜ਼ਾ ਲਿਖ ਦਿਉ।' ਪ੍ਰੰਤੂ ਕਮਿਸ਼ਨਰ ਦੇ ਜ਼ਿੱਦ ਕਰਨ ਤੇ ਹਾਜ਼ਰ ਸਿੰਘਾਂ ਵਿਚੋਂ ਹੀ ਸਤ ਆਦਮੀਆਂ ਦੀ ਇਕ ਕਮੇਟੀ ਬਣਾ ਲਈ ਗਈ, ਜਿਸ ਦੇ ਪ੍ਰਧਾਨ ਸ੍ਰ: ਹਰਬੰਸ ਸਿੰਘ ਜੀ ਥਾਪੇ ਗਏ ਅਤੇ ਗੁ: ਜਨਮ ਅਸਥਾਨ ਦਾ ਕਬਜ਼ਾ ਇਸ ਕਮੇਟੀ ਦੇ ਹੱਕ ਵਿਚ ਲਿਖ ਦਿਤਾ ਗਿਆ।

ਇਤਨੇ ਵਿਚ ਗੋਰਾ ਫੌਜ ਗੁਰਦੁਆਰੇ ਦੇ ਪਹਿਰੇ ਤੋਂ ਹਟ ਚੁਕੀ ਸੀ। ਝੱਬਰ ਨੇ ਜਥੇ ਨੂੰ ਉਸ ਥਾਂ ਅਟਕਣ ਦੀ ਸੂਚਨਾ ਦਿਤੀ ਅਤੇ ਆਪ ਕਮੇਟੀ ਦੇ ਮੈਂਬਰ ਅਤੇ ਕੁਝ ਹੋਰ ਸਿੰਘਾਂ ਸਮੇਤ ਜੋ ਲਾਹੌਰ ਅੰਮ੍ਰਿਤਸਰ ਗੁਜਰਾਂਵਾਲਾ ਆਦਿ ਥਾਵਾਂ ਤੋਂ ਪੁਜੇ ਹੋਏ ਸਨ, ਦਖਣੀ ਦਰਵਾਜ਼ੇ ਦਾ ਤਾਲਾ ਖੋਲ੍ਹ ਕੇ ਗੁ: ਜਨਮ ਅਸਥਾਨ ਦੇ ਇਹਾਤੇ ਅੰਦਰ ਦਾਖਲ ਹੋਏ। ਸਾਰਾ ਫਰਸ਼ ਬਾਰਾਂਦਰੀ ਅਤੇ ਗੁਰੰਦੁਆਰਾ ਲਹੂ ਲੁਹਾਨ ਹੋਏ ਨਜ਼ਰੀਂ ਪਏ। ਬਾਰਾਂਦਰੀ ਦੇ ਉਤਰ ਵਲ ਤਿੰਨ ਸਿੰਘਾਂ ਦੀਆਂ ਲਾਸ਼ਾਂ ਪਈਆਂ ਸਨ, ਬਾਕੀ ਦੇ ਸ਼ਹੀਦ ਹੋਏ ਸਿੰਘਾਂ ਦੇ ਅਧ ਸੜੇ ਸਰੀਰ ਅਤੇ ਟੋਟੇ ਟੋਟੇ ਕੀਤੇ ਹਿਸੇ ਲਤਾਂ ਬਾਹਾਂ ਸਿਰ ਅਤੇ ਸਰੀਰਾਂ ਦੇ ਹੋਰ ਭਾਗ ਕਈ ਢੇਰਾਂ ਵਿਚ ਪਏ ਸਨ। ਇਸ ਅਤਿ-ਹਿਰਦੇ-ਵੇਧਕ ਦ੍ਰਿਸ਼ ਨੂੰ ਇਹ ਸਿੰਘ ਬਹੁਤਾ ਸਮਾਂ ਨਾ ਵੇਖ ਸਕੇ ਅਤੇ ਛੇਤੀ ਹੀ ਬਾਹਰ ਆ ਕੇ ਦਰਵਾਜ਼ਾ ਬੰਦ ਕੀਤਾ ਗਿਆ। ਕੁਝ ਸਿੰਘਾਂ ਨੂੰ ਜਥੇ ਦੇ ਪੁਜਣ ਤਕ ਦਰਵਾਜ਼ਿਆਂ ਅਗੇ ਖੜਾ ਕਰ ਕੇ ਝੱਬਰ ਜੱਥੇ ਵਲ ਗਿਆ। ਸ: ਉਤਮ ਸਿੰਘ ਅਤੇ ਨਨਕਾਣਾ ਸਾਹਿਬ ਸ਼ਹਿਰ ਦੇ ਹੋਰ ਪ੍ਰੇਮੀ ਇਸ ਵੇਲੇ ਤਕ ਜਥੇ ਲਈ ਦੁਧ ਚਾਹ ਪਾਣੀ ਅਤੇ ਹੋਰ ਖਾਣ ਦੇ ਪਦਾਰਥ ਲੈ ਕੇ ਜਥੇ ਪਾਸ ਪੁਜੇ ਹੋਏ ਸਨ। ਕਲ ਦੇ ਘਰਾਂ ਤੋਂ ਤੁਰੇ ਹੋਏ ਪਿਆਸੇ ਤੇ ਭੁਖੇ ਸਿੰਘਾਂ ਨੂੰ ਜਲ ਪਾਣੀ ਛਕਾਇਆ ਗਿਆ। ਉਪਰੰਤ ਝੱਬਰ ਜੀ ਨੇ ਜਥੇ ਨੂੰ ਗੁਰਦੁਆਰੇ ਦੇ ਅੰਦਰ ਦੇ ਹਾਲਾਤ ਤੋਂ ਸੰਖੇਪ ਤੌਰ ਤੇ ਜਾਣੂ ਕਰਾਇਆ ਅਤੇ ਅਗਲੇ ਦਿਨ ਸਵੇਰੇ ਦਰਵਾਜ਼ਾ ਖੋਲ੍ਹ ਕੇ ਸ਼ਹੀਦਾਂ ਦੇ ਦਰਸ਼ਨ ਕਰਾਏ ਜਾਣ ਦੀ ਸੂਚਨਾ ਦੇਂਦੇ ਹੋਏ ਜਥੇ ਨੂੰ ਗੁਰਦੁਆਰੇ ਦੀ ਸਰਾਏ ਅੰਦਰ ਲਿਆਂਦਾ ਗਿਆ। ਸਾਰੇ ਸਿੰਘਾਂ ਨੂੰ ਆਪੋ ਆਪ ਗੁਰਦੁਆਰਾ ਸਰਾਇ ਅਤੇ ਆਬਾਦੀ ਜਨਮ ਅਸਥਾਨ ਦੀਆਂ ਵਖੋ ਵਖ ਥਾਵਾਂ ਦੇ ਪਹਿਰੇ ਤੇ ਖੜਾ ਕੀਤਾ ਗਿਆ। ਜਥੇ ਦੇ ਸਿੰਘਾਂ ਨੇ ਸਾਰੀ ਰਾਤ ਪੂਰੀ ਚੌਕਸਤਾਈ ਨਾਲ ਗੁਰਦੁਆਰੇ ਅਤੇ ਸੰਬੰਧਤ ਥਾਵਾਂ ਦੀ ਰਖਵਾਲੀ ਕੀਤੀ। ਇਸ ਤਰ੍ਹਾਂ ਨਾਲ ੨੧ ਫਰਵਰੀ ੧੯੨੧ ਮੁਤਾਬਕ ੧੧ ਫਗਣ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਸਤ



www.AKJ.Org

ਮੈਂਬਰਾਂ ਦੀ ਪੰਥਕ ਕਮੇਟੀ ਦੇ ਨਾਮ ਤੇ ਭਾਈ ਕਰਤਾਰ ਸਿੰਘ ਝੱਬਰ ਦੀ ਜਥੇਦਾਰੀ ਹੇਠ ਖਰਾ ਸੌਦਾ ਬਾਰ ਦੇ ਜਥੇ ਦੇ ਹਥ ਵਿਚ ਆਇਆ । ਰਾਤ ਬਰਾਤੇ ਸਿੰਘਾਂ ਦੇ ਹੋਰ ਕਈ ਜਥੇ ਜੜਾ ਵਾਲਾ, ਸਾਂਗਲਾ, ਗੁਜਰਾਂ-ਵਾਲਾ, ਲਾਹੌਰ, ਲਾਇਲਪੁਰ ਆਦਿ ਥਾਵਾਂ ਤੋਂ ਇਥੇ ਪੁਜ ਗਏ ਸਨ ਅਤੇ ਅਗਲਾ ਦਿਨ ਚੜ੍ਹਨ ਤਕ ਸਿੰਘ ਹਜ਼ਾਰਹਾਂ ਦੀ ਗਿਣਤੀ ਵਿਚ ਨਨਕਾਣਾ ਸਾਹਿਬ ਆ ਚੁਕੇ ਸਨ । ੨੨ ਫਰਵਰੀ ਸਵੇਰੇ ੧੧ ਵਜੇ ਦਖਣੀ ਦਰਵਾਜ਼ੇ ਦੇ ਰਸਤੇ ਜਦ ਜਨਮ ਅਸ-ਥਾਨ, ਜੋ ਉਸ ਸਮੇਂ ਸ਼ਹੀਦ ਅਸਥਾਨ ਬਣਿਆ ਹੋਇਆ ਸੀ, ਦੇ ਦਰਸ਼ਨਾਂ ਨੂੰ ਅੰਦਰ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜ਼ਖਮੀ ਬੀੜ ਦੇ ਉਜੇ ਪ੍ਰਕਾਸ਼ ਮਈ ਹਾਲਤ ਵਿਚ ਦਰਸ਼ਨ ਕੀਤੇ ਤਾਂ ਸਭ ਤੋਂ ਪਹਿਲੋਂ ਇਹ ਸ਼ਬਦ ਸਾਮ੍ਹਣੇ ਆਇਆ, ਜਿਸ ਦਾ ਪਾਠ ਅਤਿ ਵੈਰਾਗ ਮਈ ਸੁਰ ਵਿਚ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲਿਆਂ ਨੇ ਕੀਤਾ :

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥੧॥
ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥
ਜੋਬਨੁ ਖੋਇ ਪਾਛੈ ਪਛੁਤਾਨੀ ॥੧॥ਰਹਾਉ॥
ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥
ਵਿਧਣ ਖੂਹੀ ਮੁੰਧ ਇਕੇਲੀ ॥
ਨਾ ਕੋ ਸਾਥੀ ਨਾ ਕੋ ਬੇਲੀ ॥
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥
ਜਾ ਫਿਰਿ ਦੇਖਾਂ ਤ ਮੇਰਾ ਅਲਹੁ ਬੇਲੀ ॥੩॥
ਵਾਟ ਹਮਾਰੀ ਖਰੀ ਉਡੀਣੀ ॥
ਖੰਨਿਅਹੁ ਤਿਖੀ ਬਹੁਤੁ ਪਿਈਣੀ ॥
ਉਸੁ ਊਪਰਿ ਹੈ ਮਾਰਗੁ ਮੇਰਾ ॥
ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥

ਦਰਸ਼ਕ ਛਮਾ ਛਮ ਰੋ ਰਹੇ ਸਨ ।

ਅਗਲੇ ਦਿਨ ਦੂਰ ਦੁਰਾਡੀਆਂ ਥਾਵਾਂ ਤੋਂ ਭੀ ਬਹੁਤ ਸਾਰੇ ਸਿੰਘ ਪੁਜ ਗਏ, ਜਿਨ੍ਹਾਂ ਦੀ ਗਿਣਤੀ ਲੱਖ ਤੋਂ ਉਪਰ ਸੀ । ਕਿਉਂਕਿ ਗੁਰਦੁਆਰੇ ਤੋਂ ਬਾਹਰ ਭੀ ਕਈ ਸਿੰਘ ਸ਼ਹੀਦ ਕੀਤੇ ਅਤੇ ਸਾੜੇ ਗਏ ਸਨ ਜਿਸ ਤਰ੍ਹਾਂ ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ ਆਦਿ ਕਈ ਸਿੰਘ ਘੁਮਿਆਰਾਂ ਦੀ ਆਵੀ ਵਿਚ, ਕੁਝ ਸਿੰਘ ਰੇਲਵੇ ਲਾਈਨ ਤੋਂ ਪਾਰ ਸਾੜੇ ਜਾਣ ਤੋਂ ਉਪਰੰਤ ਉਨ੍ਹਾਂ ਦੀਆਂ ਅਸਥੀਆਂ ਬਿਭੂਤੀ ਆਦਿ ਬੁਤ ਵਾਲੇ ਖੂਹ ਵਿਚ ਜੋ ਮੌਜੂਦਾ ਗੁਰੂ ਨਾਨਕ ਖਾਲਸਾ ਹਾਈ ਸਕੂਲ ਦੇ ਲਾਗੇ ਸੀ, ਸੁਟੀ ਗਈ ਸੀ, ਇਨ੍ਹਾਂ ਥਾਉਂ ਥਾਈਂ ਹੋਏ ਸਾਰੇ ਸ਼ਹੀਦਾਂ ਦੇ ਅਧ ਸੜੇ ਸਰੀਰਾਂ ਦੇ ਹਿੱਸੇ, ਅਸਥੀਆਂ ਆਦਿ ਅਤੇ ਮਾਸ ਅਤੇ ਜੰਮੇ ਹੋਏ ਲਹੂ ਦੀਆਂ ਬੋਟੀਆਂ ਜਿਥੋਂ ਜਿਥੋਂ ਭੀ ਮਿਲ ਸਕੇ, ਸਾਰੀਆਂ ਨੂੰ ਗੁਰਦੁਆਰੇ ਦੇ ਇਹਾਤੇ ਅੰਦਰ ਇਕੱਠਾ ਕਰਨਾ ਸ਼ੁਰੂ ਕੀਤਾ ਗਿਆ । ੨੨ ਫਰਵਰੀ ਨੂੰ ਰਾਵਲਪਿੰਡੀ ਤੋਂ ਸ: ਸੁੰਦਰ ਸਿੰਘ ਜੀ ਮਜੀਠੀਆ, ਜੋ ਉਹਨੀਂ ਦਿਨੀਂ ਪੰਜਾਬ ਦੀ ਐਗਜ਼ੇਕਟਿਵ ਕੌਂਸਲ ਦੇ ਮੈਂਬਰ ਸਨ, ਦੀ ਤਾਰ ਪੁਜੀ ਕਿ ਪੰਜਾਬ ਦਾ ਗਵਰਨਰ ਮੈਕਲੈਗਨ ਸਾਹਿਬ ਸ਼ਾਕੇ ਦਾ ਦਰਿਸ਼ ਵੇਖਣ ਲਈ ਨਨਕਾਣਾ ਸਾਹਿਬ ਆ ਰਿਹਾ ਹੈ, ਇਸ ਲਈ ਉਨ੍ਹਾਂ ਦੇ ਆਉਣ ਤਕ ਸ਼ਹੀਦਾਂ ਦਾ ਸਸਕਾਰ ਨ ਕੀਤਾ ਜਾਵੇ ।

ਅਗਲੇ ਦਿਨ ਅਥਵਾ ੨੩ ਫਰਵਰੀ ਦੀ ਸਵੇਰ ਨੂੰ ਗਵਰਨਰ ਪੰਜਾਬ ਸਮੇਤ ਕਈ ਹੋਰ ਅੰਗਰੇਜ਼ ਅਫਸਰਾਂ ਅਤੇ ਕੌਂਸਲਰਜ਼ ਸ: ਸੁੰਦਰ ਸਿੰਘ ਮਜੀਠੀਆ, ਲਾਲਾ ਹਰਕਿਸ਼ਨ ਲਾਲ ਅਤੇ ਸਰ ਫਜ਼ਲ ਹੁਸੈਨ ਦੇ ਨਨਕਾਣਾ ਸਾਹਿਬ ਪੁਜੇ । ਇਨ੍ਹਾਂ ਨੂੰ ਗੁਰਦੁਆਰੇ ਦੇ ਅੰਦਰ ਲੈ ਜਾ ਕੇ ਸਾਕੇ ਦੇ ਦਰਿਸ਼ ਵਿਖਾਏ ਗਏ, ਜਿਨ੍ਹਾ ਦਾ ਗਵਰਨਰ ਦੇ ਮਨ ਉਤੇ ਗਹਿਰਾ ਅਸਰ ਹੋਇਆ ।

ਇਨ੍ਹਾਂ ਦੇ ਚਲੇ ਜਾਣ ਪਿਛੋਂ ਸਾਰੇ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਇਹਾਤੇ ਅੰਦਰ ਪ੍ਰਕਾਸ਼ ਅਸ-ਥਾਨ ਦੇ ਸਾਮ੍ਹਣੇ, ਜਿਸ ਜਗਾ ਹੁਣ ਸ਼ਹੀਦ ਗੰਜ ਬਣਿਆ ਹੋਇਆ ਹੈ, ਤਿਆਰ ਕੀਤਾ ਗਿਆ । ਭਾਈ ਸਾਹਿਬ ਜੋਧ ਸਿੰਘ ਜੀ ਨੇ ਸ਼ਹੀਦਾਂ ਦੇ ਨਮਿਤ ਅਤਿ ਵੈਰਾਗ-ਮਈ ਭਾਵ ਪੂਰਤ ਅਰਦਾਸਾ ਸੋਧਿਆ ਅਤੇ ਸ਼ਾਮ ਦੇ ਸਤ ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ ।

[ਪੁਸਤਕ "ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ" ਵਿਚੋਂ ਧੰਨਵਾਦ ਸਹਿਤ

www.AKJ.Org

# ਜਿਨ੍ਹਾਂ ਦੇਖ ਕੇ ਅਣਡਿਠ ਕੀਤਾ

[ਸ: ਪਸ਼ੌਰਾ ਸਿੰਘ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿਲੀ]

( ੧ )

ਸਿੱਖੀ ਦਾ ਆਦਰਸ਼ ਗੁਣਾਂ ਦੀ ਸਾਂਝ ਹੈ। ਗੁਰਮਤਿ ਅਨੁਸਾਰ ਮਨੁਖ ਦੀ ਕਲਿਆਣ ਸਮਾਜੀ ਸੰਗਠਨ ਵਿਚ ਹੀ ਸੰਭਵ ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਨੇ ਸਾਂਝ ਪਾਉਣ ਦੇ ਸਿਧਾਂਤ ਨੂੰ ਆਪਨੇ ਮਾਰਗ ਵਿਚ ਮਹੱਤਵ-ਪੂਰਨ ਸਥਾਨ ਦਿਤਾ ਹੈ, ਜਿਸ ਦਾ ਵਰਣਨ ਉਨ੍ਹਾਂ ਸੂਹੀ ਰਾਗ ਵਿਚ ਖੋਲ੍ਹ ਕੇ ਕੀਤਾ ਹੈ। ਸਾਂਝ ਦਾ ਸਿਧਾਂਤ ਹੈ :—

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ - ਗੁਣਹ ਕੇਰੀ
ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ
ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ
ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥

[ਰਾਗੁ ਸੂਹੀ ਛੰਤ ਮਹਲਾ ੧ ਪੰ: ੭੬੫-੬੬

ਗੁਰਬਾਣੀ ਦੇ ਉਪਰੋਕਤ ਕਥਨ ਵਿਚੋਂ ਸਾਂਝ ਪਾਉਣ ਦੇ ਦੋ ਅਹਿਮ ਪੱਖ ਦ੍ਰਿਸ਼ਟੀ ਗੋਚਰ ਹੁੰਦੇ ਹਨ : ਪਹਿਲਾ, ਗੁਣਾਂ ਨੂੰ ਗ੍ਰਹਿਣ ਕਰਨਾ ਅਤੇ ਦੂਜਾ ਅਵਗੁਣਾਂ ਨੂੰ ਦਰ-ਗੁਜ਼ਰ ਕਰਨਾ, "ਛੋਡਿ ਅਵਗਣ ਚਲੀਐ" ॥ ਇਹ ਦੋਵੇਂ ਪੱਖ ਇਕੋ ਹੀ ਸਿੱਕੇ ਦੇ ਦੋ ਪਹਿਲੂ ਹਨ। 'ਗੁਣ' ਉਚੇਰੇ ਜੀਵਨ ਦੀ ਖ਼ੁਸ਼ਬੂ ਹੁੰਦੇ ਨੇ। ਜਿਥੇ ਗੁਣਾਂ ਦੀ ਸੁਗੰਧੀ ਫੈਲਦੀ ਹੈ, ਉਥੇ ਭਾਈਚਾਰੇ ਦਾ ਸਮੂਹਕ ਜੀਵਨ ਮਹਿਕ ਉਠਦਾ ਹੈ। ਗੁਣਾਂ ਦੀ ਸਾਂਝ ਦੇ ਨਾਲ ਧੁਰੋਂ ਨਿਸਚਿਤ ਸਮਾਜੀਕਰਣ (Socialization) ਦੀ ਵਿਵਸਥਾ ਬਲਵਾਨ ਰੂਪ ਵਿਚ ਉਭਰਦੀ ਹੈ, ਜਿਸ ਦੇ ਅੰਤਰਗਤ ਹਰੇਕ ਦੀ ਹਰੇਕ ਨਾਲ ਬਣ ਆਉਂਦੀ ਹੈ। "ਸੰਗਤ ਤੇ ਪੰਗਤ" ਦੇ ਆਦਰਸ਼ ਗੁਣਾਂ ਦੀ ਸਾਂਝ ਨੂੰ ਹੀ ਉਜਾਗਰ ਕਰਦੇ ਹਨ। ਅਰਦਾਸ ਵਿਚ ਹਰ ਰੋਜ਼ ਗੁਰਮੁਖਾਂ ਦੇ ਮੇਲ ਦੀ ਜਾਚਨਾ ਕੀਤੀ ਜਾਂਦੀ ਹੈ ਤਾਂ ਕਿ ਇਕ ਦੂਜੇ ਤੋਂ ਗੁਣ ਗ੍ਰਹਿਣ ਕਰਨ ਤੇ ਸਾਂਝੇ ਤੌਰ ਤੇ ਗੁਣ ਉਤਪੰਨ ਕਰਨ ਦਾ ਅਵਸਰ ਮਿਲਦਾ ਰਹੇ। ਗੁਰੂ ਤੇ ਸਿੱਖ ਦਾ ਦੈਵੀ-ਸੰਬੰਧ ਗੁਣਾਂ ਦੀ ਸਾਂਝ ਦੇ ਨਾਲ ਹੀ ਸਥਾਪਿਤ ਹੁੰਦਾ ਹੈ। ਗੁਰੂ ਰਾਮਦਾਸ ਪਾਤਸ਼ਾਹ ਦਾ ਇਲਾਹੀ ਫ਼ੁਰਮਾਨ ਹੈ ਕਿ "ਜੋ ਸਿੱਖ ਗੁਰੂ ਦੇ ਨਾਲ ਗੁਣਾਂ ਦੀ ਸਾਂਝ ਪਾਉਂਦੇ ਹਨ, ਉਹ ਦਿਨ-ਬਦਿਨ ਸਦੀਵੀ ਸੁੱਖ ਦਾ ਅਨੰਦ ਮਾਣਦੇ ਹਨ" :—

ਜੋ ਗੁਣ ਸਾਂਝੀ ਗੁਰ ਸਿਉ ਕਰੇ
ਠਿਤ ਨਿਤ ਸੁਖੁ ਪਾਈ ॥

[ਗਉੜੀ ਮ: ੪, ਪੰਨਾ ੧੬੬

ਸਿੱਖੀ ਵਾਲੇ ਗੁਣ ਅਪਣਾਉਣ ਦੇ ਨਾਲ ਹੀ ਕੋਈ ਵਿਅਕਤੀ ਆਪਣੇ ਆਪ ਨੂੰ ਸਹੀ ਅਰਥਾਂ ਵਿਚ ਸਿੱਖ ਸ੍ਰੇਸ਼ਟਾਚਾਰ (Sikh culture) ਦਾ ਧਾਰਨੀ ਕਹਾਉਣ ਦਾ ਹਕਦਾਰ ਹੈ। ਸਿਖ ਦੇ ਜੀਵਨ ਵਿਚ ਸਤਿ, ਸੰਤੋਖ, ਗਿਆਨ, ਦਇਆ, ਧਰਮ, ਧੀਰਜ, ਪ੍ਰੇਮ, ਨਿੰਮਰਤਾ ਤੇ ਕੁਰਬਾਨੀ ਆਦਿ ਦੈਵੀ ਗੁਣ ਪ੍ਰਚੰਡ ਹੋ ਕੇ ਲਿਸ਼ਕਦੇ ਹਨ। ਉਸ ਦਾ ਸਭ ਦੇ ਨਾਲ ਕੋਮਲਤਾ ਤੇ ਮਿਠਾਸ ਵਾਲਾ ਵਰਤਾਵ ਹੁੰਦਾ ਹੈ, ਜਿਸ ਦੇ ਸਦਕਾ ਉਹ ਦੁਨੀਆ ਵਿਚ ਸਫਲਤਾ ਪੂਰਬਕ ਵਿਚਰਦਾ ਹੈ।

( ੨ )

ਜਦ ਵੀ ਕੋਈ ਵਿਅਕਤੀ ਗੁਰਮਤਿ ਦੀ ਟਕਸਾਲ ਵਿਚ ਆਪਣੀ ਸ਼ਖ਼ਸੀਅਤ ਨੂੰ ਘੜਨ ਦਾ ਨਿਸਚਾ ਧਾਰਦਾ ਹੈ ਤਾਂ ਉਸ ਲਈ ਇਹ ਅਸੂਲ ਬਣਾਉਣਾ



www.AKJ.Org

ਲਾਜ਼ਮੀ ਹੈ ਕਿ ਉਹ ਹੋਰਨਾਂ ਨਾਲ ਆਪਣੇ ਮਾਨਵੀ-ਰਿਸ਼ਤਿਆਂ ਦਾ ਆਧਾਰ ਗੁਣਾਂ ਦੀ ਸਾਂਝ ਨੂੰ ਹੀ ਬਣਾਵੇ ਅਤੇ ਦੂਜਿਆਂ ਦੇ ਔਗੁਣ ਵੇਖ ਕੇ ਅਣਡਿਠ ਕਰੇ। ਸੱਚਮੁਚ ਔਗੁਣ ਵੇਖਣ ਨਾਲ ਸੁਭਾਵਿਕ ਹੀ ਨੁਕਤਾਚੀਨੀ ਕਰਨ ਦੀ ਭਾਵਨਾ ਜਾਗ ਪੈਂਦੀ ਹੈ ਤੇ ਨੁਕਤਾਚੀਨੀ ਕਰਨ ਵੇਲੇ ਫਿਕੇ-ਕੌੜੇ ਬੋਲ ਮੂੰਹੋਂ ਨਿਕਲ ਹੀ ਜਾਂਦੇ ਹਨ, ਜਿਸ ਨਾਲ "ਤਨ ਮਨ ਫਿਕਾ"* ਤੇ ਸਮੁਚਾ ਜੀਵਨ ਰਸਹੀਣ ਹੋ ਜਾਂਦਾ ਹੈ। ਇਸ ਨਾਲ ਦੂਜਿਆਂ ਪ੍ਰਤੀ ਪ੍ਰੇਮ ਦੇ ਭਾਵ ਅਲੋਪ ਹੋਣ ਲਗਦੇ ਹਨ, ਜੋ ਆਤਮਿਕ ਵਿਕਾਸ ਵਿਚ ਭਾਰੀ ਵਿਘਨ ਦਾ ਕਾਰਨ ਬਣਦੇ ਹਨ। ਦੂਜਿਆਂ ਦੇ ਔਗੁਣਾਂ ਵਲ ਧਿਆਨ ਦੇਣ ਤੋਂ ਬਚਣ ਦਾ ਸਭ ਤੋਂ ਸ੍ਰੇਸ਼ਟ ਤਰੀਕਾ ਇਹ ਹੈ ਕਿ ਮਨੁਖ ਆਪਣੀਆਂ ਕਮੀਆਂ ਤੇ ਔਗੁਣਾਂ ਤੋਂ ਹਰ ਪਲ ਸੁਚੇਤ ਰਹੇ। ਇਹ ਤਦ ਹੀ ਸੰਭਵ ਹੈ ਜੇਕਰ ਉਹ ਆਪਣੇ ਮਨ, ਬਚਨ ਤੇ ਕਰਮਾਂ ਉਤੇ ਨਿਰੰਤਰ ਪਹਿਰਾ ਦੇਵੇ ਅਤੇ ਉਸ ਦੀ ਚੇਤਨਾ ਦੋ-ਤਰਫ਼ੇ ਤੀਰ ਦਾ ਰੂਪ ਧਾਰਨ ਕਰ ਜਾਏ, ਤਾਂਕਿ ਜਿਉਂ ਹੀ ਉਸ ਦੀ ਨਿਗਾਹ ਔਗੁਣਹਾਰਿਆਂ ਤੇ ਪਵੇ, ਉਸੇ ਪਲ ਹੀ ਉਹ ਅੰਤਰਮੁਖੀ ਹੋ ਕੇ ਆਪਣੇ ਵਲ ਵੇਖੇ ਤੇ ਆਤਮ-ਵਿਸ਼ਲੇਸ਼ਣ (Self Analysis) ਦੁਆਰਾ ਆਪਣੇ ਮਨ ਦੀ ਛਾਣ-ਬੀਣ ਕਰੇ। ਗੁਰੂ ਅਮਰਦਾਸ ਜੀ ਦਾ ਫ਼ੁਰਮਾਨ ਹੈ ਕਿ "ਇਹ ਮਨ ਸ਼ੀਸ਼ਾ ਹੈ, ਜਿਸ ਵਿਚੋਂ ਹਰ ਮਨੁੱਖ ਆਪਣਾ ਆਪ ਦੇਖ ਸਕਦਾ ਹੈ, ਪਰ ਵੇਖਦਾ ਕੋਈ ਵਿਰਲਾ ਹੀ ਹੈ ਜੋ ਗੁਰਮਤਿ ਨੂੰ ਧਾਰਨ ਕਰੇ। ਕਈ ਵਾਰੀ ਮਨ ਨੂੰ ਹਉਮੈ ਦੀ ਗਿਲ ਚੜ੍ਹ ਜਾਂਦੀ ਹੈ, ਜਿਸ ਨਾਲ ਸ਼ੀਸ਼ਾ ਜੰਗਾਲਿਆ ਜਾਂਦਾ ਹੈ ਅਤੇ ਉਸ ਵਿਚੋਂ ਕੁਝ ਨਹੀਂ ਦਿਸਦਾ। ਭਾਵ ਇਹ ਹੈ ਕਿ ਹਉਮੈ ਕਰਕੇ ਮਨੁੱਖ ਆਪਣੇ ਗੁਣ ਔਗੁਣ ਨਹੀਂ ਦੇਖ ਸਕਦਾ। ਪਰ ਜੇ ਕੋਈ ਗੁਰਬਾਣੀ ਦੇ ਅਗੰਮੀ ਸੰਦੇਸ਼ ਦੇ ਨਾਲ ਆਪਣੇ ਜੀਵਨ ਨੂੰ ਇਕਸੁਰ ਕਰ ਕੇ ਹਉਮੈ ਦੀ ਗਿਲ ਨੂੰ ਸੁਕੱਾ ਦੇਵੇ ਤਾਂ ਜੰਗਾਲ ਨਹੀਂ ਲਗਦਾ, ਮਨ ਸਾਫ ਰਹਿੰਦਾ ਹੈ, ਜਿਸ ਨਾਲ ਅਸਲੀਅਤ ਦੀ ਸੋਝੀ ਹੁੰਦੀ ਰਹਿੰਦੀ ਹੈ" :

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥
ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥
ਅਨਹਤ ਬਾਣੀ ਨਿਰਮਲ ਸਬਦੁ ਵਜਾਏ
ਗੁਰ ਸਬਦੀ ਸਚਿ ਸਮਾਵਣਿਆ ॥੪॥
[ਮਾਝ ਮ: ੩, ਪੰਨਾ ੧੧੫

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥
ਭਾਇ ਭਗਤਿ ਜਾ ਹਉਮੈ ਸੋਖੈ...॥੭॥
[ਮਾਝ ਮ: ੩, ਪੰਨਾ ੧੨੪

ਗੁਰਮਤਿ ਇਕ ਐਸੀ ਜੀਵਨ-ਜੁਗਤਿ ਹੈ, ਜਿਸ ਦਾ ਮਨੋਰਥ ਗੁਰੂ ਨਾਨਕ ਸਾਹਿਬ ਨੇ "ਨਾਮੁ ਦਾਨ ਇਸ਼ਨਾਨ" ਦ੍ਰਿੜ੍ਹ ਕਰਨਾ ਦਰਸਾਇਆ ਹੈ। 'ਨਾਮੁ' ਦੇ ਨਾਲ ਮਨੁਖ ਦਾ ਸੰਬੰਧ ਅਕਾਲ ਪੁਰਖ ਨਾਲ ਜੁੜਦਾ ਹੈ, ਜਿਸ ਦੇ ਨਾਲ ਉਸਦਾ ਆਤਮਿਕ ਜੀਵਨ ਵਿਕਸਤ ਹੁੰਦਾ ਹੈ। 'ਦਾਨ' ਦੂਜਿਆਂ ਵਲ ਦਇਆ ਦੀ ਭਾਵਨਾ ਨਾਲ ਵੇਖਣਾ ਹੈ, ਜਿਸ ਦੇ ਰਾਹੀਂ ਸਮਾਜ ਤੇ ਭਾਈਚਾਰੇ ਨਾਲ ਇਕਸੁਰਤਾ ਪ੍ਰਾਪਤ ਹੁੰਦੀ ਹੈ। 'ਇਸ਼ਨਾਨ' ਦਾ ਅਰਥ ਲਗਾਤਾਰ ਆਪਾ ਸਾਧੀ ਟੁਰੀ ਜਾਣਾ ਹੈ, ਤਾਂਕਿ ਜੀਵਨ ਦਾ ਹਰ ਪਲ ਨਵੀਂ ਤਾਜ਼ਗੀ ਤੇ ਨਿਰਮਲਤਾ ਵਿਚ ਗੁਜ਼ਾਰੇ। ਗੁਰਬਾਣੀ ਦੀ ਸਪਿਰਿਟ ਨੂੰ ਡੂੰਘੇ ਤੌਰ ਤੇ ਸਮਝਣ ਦੇ ਨਾਲ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਸ ਦਾ ਵਧੇਰੇ ਬਲ ਆਪਣੇ ਆਪ ਨੂੰ ਹਰ ਪਖੋਂ ਸੰਵਾਰਨ ਤੇ ਹੈ, ਜਿਸ ਦੇ ਨਾਲ ਇਕ ਅਦੁੱਤੀ ਸ਼ਖ਼ਸੀਅਤ ਦੀ ਉਸਾਰੀ ਹੁੰਦੀ ਹੈ, ਜੋ ਦੂਜਿਆ ਲਈ ਪ੍ਰੇਰਨਾ ਦਾ ਸੋਮਾ ਬਣ ਕੇ ਅਣਗਿਣਤ ਲੋਕਾਂ ਦਾ ਸੁਧਾਰ ਸੁਤੇ ਸਿਧ ਹੀ ਕਰ ਜਾਂਦੀ ਹੈ। ਗੁਰੂ ਨਾਨਕ ਦੇਵ ਜੀ ਦਾ ਇਲਾਹੀ ਫ਼ੁਰਮਾਨ ਹੈ ਕਿ "ਗੁਰਮੁਖਤਾ ਦੇ ਮਾਰਗ ਤੇ ਚਲਣ ਵਾਲਾ ਜਗਿਆਸੂ ਸ਼ਬਦ ਦੀ ਕਮਾਈ

---

* ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥
[ਵਾਰ ਆਸਾ, ਮਹਲਾ ੧, ਪੰਨਾ ੪੭੩



www.AKJ.Org

ਕਰਦਾ ਤੇ ਨਾਮੁ ਜਪਦਾ ਹੋਇਆ ਨਿਰੰਤਰ ਆਪਣੇ "ਆਪੇ" ਨੂੰ ਖੋਜਦਾ ਹੈ। ਉਹ ਦੂਜਿਆਂ ਦੀ ਝੂਠੀ ਖੁਸ਼ਾਮਦ ਤੇ ਨੁਕਤਾਚੀਨੀ ਵਿਚ ਨਹੀਂ ਪੈਂਦਾ, ਬਲਕਿ ਆਪਣੇ ਆਚਰਨ ਤੇ ਵਤੀਰੇ ਨੂੰ ਸੋਧਣ ਤੇ ਜ਼ੋਰ ਦਿੰਦਾ ਹੋਇਆ ਰੱਬੀ ਪਿਆਰ ਵਿਚ ਰੰਗਿਆ ਰਹਿੰਦਾ ਹੈ":

ਗੁਰਮੁਖਿ ਬੂਝੈ ਸਬਦਿ ਪਤੀਜੈ ॥
ਉਸਤਤਿ ਨਿੰਦਾ ਕਿਸ ਕੀ ਕੀਜੈ ॥
ਚੀਨਹੁ ਆਪੁ ਜਪਹੁ ਜਗਦੀਸਰੁ
ਹਰਿ ਜਗੰਨਾਥ ਮਨਿ ਭਾਇਆ ॥

[ਮਾਰੂ ਸੋਲਹੇ ਮ: ੧, ਪੰਨਾ ੧੦੪੧

ਆਤਮ-ਚੀਨਣ ਦੀ ਪ੍ਰਕ੍ਰਿਆ ਦੁਆਰਾ ਜਿਥੇ ਸਿਖ ਦਾ ਨੈਤਿਕ-ਸੁਧਾਰ ਹੁੰਦਾ ਹੈ, ਉਥੇ ਉਸ ਦੀ ਸ਼ਖ਼ਸੀਅਤ ਵਿਚ ਰੱਬੀ ਗੁਣ ਪ੍ਰਫੁਲਤ ਹੋਣੇ ਸ਼ੁਰੂ ਹੋ ਜਾਂਦੇ ਹਨ। 'ਜੈਸਾ ਸੇਵੈ ਤੈਸੋ ਹੋਵੈ' ਦੇ ਮਹਾਨ ਸਿਧਾਂਤ ਅਨੁਸਾਰ ਉਸ ਦੇ ਜੀਵਨ ਦੀ ਹਰ ਪੱਖੋਂ ਉਸਾਰੀ ਹੁੰਦੀ ਹੈ ਉਸ ਦੀ ਸੁਰਤਿ, ਮਤਿ, ਮਨ ਤੇ ਬੁਧੀ ਨਵੇਂ ਸਿਰਿਓਂ ਘੜੇ ਜਾਂਦੇ ਹਨ ਅਤੇ ਉਹ ਆਪਣੇ ਇਸ਼ਟ ਦੇ ਗੁਣਾਂ ਨੂੰ ਅਪਣਾ ਕੇ ਉਸ ਵਰਗਾ ਹੀ ਹੋ ਜਾਂਦਾ ਹੈ:

ਜਿਨੀ ਆਤਮ ਚੀਨਿਆ ਪਰਮਾਤਮ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲ ਅੰਮ੍ਰਿਤੁ ਹੋਈ ॥

[ਆਸਾ ਮ: ੧, ਪੰਨਾ ੪੨੧

ਗੁਰਮਤਿ ਦੇ ਇਸ਼ਟ ਦਾ ਸਰੂਪ ਮੂਲ-ਮੰਤਰ ਵਿਚ ਚਿਤਰਿਆ ਹੈ, ਜਿਸ ਦੀ ਵਿਆਖਿਆ ਸਮੁੱਚੀ ਗੁਰਬਾਣੀ ਕਰਦੀ ਹੈ। ਗਿਆਨੀ ਲਾਲ ਸਿੰਘ† ਜੀ ਨੇ ਖ਼ੂਬ ਲਿਖਿਆ ਹੈ ਕਿ, "ਗੁਰਬਾਣੀ ਦਾ ਨਿਰੰਕਾਰ ਬ੍ਰਹਮ ਜੀਵ-ਸ੍ਰਿਸ਼ਟੀ ਨੂੰ ਪਾਲਣ ਪੋਸਣ ਤੇ ਪਿਆਰਨ ਵਾਲਾ ਜਾਗਤ ਜੋਤਿ ਸਰੂਪ ਹੈ, ਜਿਸ ਦਾ ਮੁੱਖ ਗੁਣ "ਪ੍ਰਸਾਦਿ" ਸ਼ਬਦ ਦੀ ਰੋਚਕਤਾ ਚੋਂ ਡੁਲ੍ਹ ਡੁਲ੍ਹ ਪੈਂਦਾ ਹੈ।" ਪ੍ਰਮਾਤਮਾ ਤਰਸ-ਰੂਪ ਹੈ, ਗਰੀਬ-ਨਿਵਾਜ਼ ਹੈ, ਪਰਮ ਕ੍ਰਿਪਾਲੂ ਪਿਤਾ ਹੈ, ਜੋ ਆਪਣੇ ਬੱਚਿਆਂ ਦੇ ਔਗੁਣਾਂ ਨੂੰ ਨਹੀਂ ਚਿਤਾਰਦਾ, ਬਲਕਿ ਸਭ ਨੂੰ ਗਲ ਨਾਲ ਲਾ ਕੇ ਹਰ ਪਲ ਉਨ੍ਹਾਂ ਦੀ ਸੁਧ ਸਾਰ ਲੈ ਰਿਹਾ ਹੈ। ਸਪੁੱਤ ਤੇ ਕਪੁੱਤ ਸਾਰੇ ਹੀ ਉਸ ਦੇ 'ਪ੍ਰਸਾਦਿ' ਨਾਲ ਵਰੋਸਾਏ ਜਾਂਦੇ ਹਨ:—

ਹਰਿ ਜੀ ਮਾਤਾ ਹਰਿ ਜੀ ਪਿਤਾ
ਹਰਿ ਜੀਉ ਪ੍ਰਤਿਪਾਲਕ ॥ ਹਰਿ ਜੀ ਮੇਰੀ
ਸਾਰ ਕਰੇ ਹਮ ਹਰਿ ਕੇ ਬਾਲਕ ॥ ਸਹਜੇ
ਸਹਜਿ ਖਿਲਾਇਦਾ ਨਹੀ ਕਰਦਾ ਆਲਕ ॥
ਅਉਗਣੁ ਕੋ ਨ ਚਿਤਾਰਦਾ ਗਲ ਸੇਤੀ
ਲਾਇਕ ॥ ਮੁਹਿ ਮੰਗਾਂ ਸੋਈ ਦੇਵਦਾ ਹਰਿ
ਪਿਤਾ ਸੁਖਦਾਇਕ ॥

[ਮਹਲਾ ੫ ਮਾਰੂ ਵਾਰ ਡਖਣੇ, ਪੰ: ੧੧੦੧

ਦੀਨ ਦਇਆਲ ਦਇਆ ਨਿਧਿ
ਦੋਖਨ ਦੇਖਤ ਹੈ ਪਰ ਦੇਤ ਨ ਹਾਰੈ ॥

[ਪਾਤਸਾਹੀ ੧੦, ਸਵੱਯੇ ਅਕਾਲ ਉਸਤਤਿ

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥
ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ ॥

[ਗਉੜੀ ਸੁਖਮਨੀ ਮਹਲਾ ੫, ਪੰਨਾ ੨੭੦

'ਦੇਖ ਕੇ ਅਣਡਿਠ ਕਰਨਾ' ਇਕ ਰਬੀ ਗੁਣ ਹੈ, ਜੋ ਰੱਬ ਤਕ ਪਹੁੰਚੇ ਹੋਏ ਭਗਤ ਦੇ ਜੀਵਨ ਵਿਚ ਪ੍ਰਗਟ ਹੁੰਦਾ ਹੈ। ਭਗਤ ਦੀ ਦ੍ਰਿਸ਼ਟੀ ਆਪਣੇ ਦੈਵੀ-ਅਨੁਭਵ ਦੇ ਨਾਲ ਇਤਨੀ ਵਿਸ਼ਾਲ ਹੋ ਜਾਂਦੀ ਹੈ ਕਿ ਉਸ ਦੇ ਹਿਰਦੇ ਵਿਚੋਂ ਹੋਰਨਾਂ ਪ੍ਰਤੀ ਮੰਦੀ ਭਾਵਨਾ ਦਾ ਮੂਲੋਂ ਹੀ ਅਭਾਵ ਹੋ ਜਾਂਦਾ ਹੈ। ਉਹ ਸਭ ਵਿਚ ਪ੍ਰਮਾਤਮਾ ਦਾ ਜਲਵਾ ਅਨੁਭਵ ਕਰਦਾ ਹੈ, ਜਿਸ ਦੇ ਨਾਲ ਉਸ ਦੇ ਵਤੀਰੇ ਵਿਚ ਸਭ ਲਈ ਪਿਆਰ ਤੇ ਦਇਆ ਦੇ ਭਾਵ ਠਾਠਾਂ ਮਾਰਨ ਲਗ ਪੈਂਦੇ ਹਨ। ਉਸ ਦੇ ਅੰਤਰ-ਆਤਮੇ ਇਹ ਇਲਾਹੀ ਨਾਦ 'ਜੀਅ ਜੰਤ ਸਭਿ ਤਿਸ ਦੇ, ਸਭਨਾ ਕਾ ਸੋਈ ॥ ਮੰਦਾ ਕਿਸ ਨੋ ਆਖੀਐ, ਜੇ ਦੂਜਾ ਹੋਈ* ਗੂੰਜਣ ਲਗ ਪੈਂਦਾ ਹੈ। ਇਸੇ ਲਈ ਭਗਤ ਕਿਸੇ ਦੇ ਔਗੁਣ

† ਅੰਮ੍ਰਿਤਸਰ ਦਾ ਸੰਦੇਸ਼, ਪੰਚਬਟੀ ਸੰਦੇਸ਼, ਅਪਰੈਲ ੧੯੭੯, ਪੰਨਾ ੭੧

* ਆਸਾ ਮਹਲਾ ੩, ਪੰਨਾ ੪੨੫



www.AKJ.Org

ਨਹੀਂ ਛਾਂਟਦਾ ਤੇ ਨ ਹੀ ਕਿਸੇ ਨਾਲ ਫਿੱਕਾ ਬੋਲ ਕੇ ਆਪਣੇ ਸੰਬੰਧਾਂ ਵਿਚ ਤਣਾਉ ਪੈਦਾ ਕਰਦਾ ਹੈ, ਕਿਉਂਕਿ ਉਸ ਨੂੰ ਆਪਣੇ ਨਿਜੀ ਤਜਰਬੇ ਦੇ ਨਾਲ ਇਹ ਪ੍ਰਤੀਤ ਹੋ ਜਾਂਦਾ ਹੈ ਕਿ ਐਸਾ ਕਰਨ ਨਾਲ ਉਸ ਦਾ ਆਪਣਾ ਸਹਿਜ ਭੰਗ ਹੁੰਦਾ ਹੈ ਤੇ ਉਸ ਦੀ ਆਤਮਿਕ ਉਸਾਰੀ ਵਿਚ "ਅਟਕ" ਪੈਂਦੀ ਹੈ। ਐਸਾ ਗੁਰਮੁਖਿ ਸੰਸਾਰ ਦੇ ਮੋਹ-ਮਾਇਆ ਦੇ ਚਿਕੜ ਵਿਚ ਵਿਚਰਦਾ ਹੋਇਆ ਕਮਲ ਤੇ ਮੁਰਗਾਬੀ ਦੀ ਤਰ੍ਹਾਂ ਨਿਰਲੇਪ ਰਹਿੰਦਾ ਹੈ। ਡਾਕਟਰ ਰਾਮ ਸਿੰਘ† ਦੇ ਕਥਨ ਕਨੁਸਾਰ :—

"ਦੁਨੀਆਂ ਨੂੰ ਨਿਰਲੇਪ ਦ੍ਰਿਸ਼ਟੀ ਨਾਲ ਦੇਖਣ ਦਾ ਸੁਭਾਅ ਪੱਕ ਜਾਏ ਤਾਂ ਮਨੁੱਖੀ ਜੀਵਨ ਇਕ ਨਿਰੰਤਰ ਸੰਗੀਤ ਬਣ ਜਾਂਦਾ ਹੈ। ਅਜਿਹੀ ਦ੍ਰਿਸ਼ਟੀ ਵਾਲੇ ਮਨੁੱਖ ਦੇ ਅੰਦਰ ਬਾਹਰ ਸੰਗੀਤ ਲਹਿਰੇ ਮਾਰਦਾ ਹੈ। ਸਾਰਾ ਵਿਸ਼ਵ ਇਕ ਕਮਾਲ ਦੇ ਸੁਹਜ ਵਿਚ ਲਪੇਟਿਆ ਦਿਸਦਾ ਹੈ। ਉਸ ਦੇ ਆਪਣੇ ਨੈਣਾਂ ਵਿਚੋਂ ਅੰਮ੍ਰਿਤ ਫੁਹਾਰ ਝਰਦੀ ਹੈ, ਜਿਹੜੀ ਸਭ ਵਸਤਾਂ ਉਤੇ ਇਕ ਇਲਾਹੀ ਰੰਗ ਧੂੜਦੀ ਹੈ। ਉਹ ਹਰ ਪਲ ਵਿਸਮਾਦ ਵਿਚ ਭਰਪੂਰ ਰਹਿੰਦਾ ਹੈ, ਸਾਰਾ ਆਲਾ ਦੁਆਲਾ ਉਸ ਨੂੰ ਸੁਹਜ-ਕਿਰਨਾਂ ਪਰ-ਦਾਨ ਕਰਦਾ ਹੈ।"

ਪਰੰਤੂ ਐਸੀ ਦ੍ਰਿਸ਼ਟੀ ਬੜੀ ਕਰੜੀ ਘਾਲਣਾ ਤੇ ਬੱਝੀ ਮਿਹਰ ਦਾ ਫਲ ਹੈ। ਸਾਧਾਰਨ ਮਨੁੱਖ ਇਸ ਆਤਮਕ ਉੱਚਤਾ ਨੂੰ ਹਾਸਲ ਕਰਨ ਦਾ ਦਾਅਵਾ ਨਹੀਂ ਕਰ ਸਕਦੇ। ਵਿਰਲਿਆਂ ਚੋਂ ਵਿਰਲੇ ਹੀ ਉਚੇਰੇ ਜੀਵਨ ਦੇ ਇਛਕ ਇਸ ਸਿਖਰ ਤੇ ਪੁਜਦੇ ਹਨ, ਜਦੋਂ ਉਨ੍ਹਾਂ ਦੇ ਵਤੀਰੇ ਵਿਚ ਨਿਰਲੇਪਤਾ ਤੇ 'ਦੇਖ ਕੇ ਅਣਡਿਠ ਕਰਨ' ਦਾ ਆਦਰਸ਼ ਇਕ ਜੀਉਂਦਾ ਜਾਗਦਾ ਅਨੁਭਵ ਬਣ ਜਾਂਦਾ ਹੈ।

ਅੰਮ੍ਰਿਤ ਛਕਾਉਣ ਵੇਲੇ ਜਦੋਂ ਪੰਜ ਛੱਟੇ ਨੇਤਰਾਂ ਵਿਚ ਮਾਰੇ ਜਾਂਦੇ ਹਨ ਤਾਂ ਇਹ ਹੀ ਦ੍ਰਿੜ੍ਹ ਕਰਾਇਆ ਜਾਂਦਾ ਹੈ ਕਿ ਖ਼ਾਲਸੇ ਦੇ ਜੀਵਨ ਵਿਚ ਦੇਖ ਕੇ ਅਣਡਿੱਠ ਕਰਨ ਦੀ ਸ਼ਕਤੀ ਆਵੇ। ਇਨ੍ਹਾਂ ਨੇਤਰਾਂ ਅੰਦਰ ਅਕਾਲੀ ਜੋਤਿ ਦਾ ਨਿਵਾਸ ਹੈ। ਕਾਦਰ ਨੂੰ ਕੁਦਰਤ ਵਿਚ ਵੇਖਣ ਦਾ ਇਹ ਨੇਤਰ ਸਾਧਨ ਹਨ। ਮਨੁੱਖ ਦੇ ਕੋਲ ਜੋ ਸਭ ਤੋਂ ਸੂਖਮ ਤੇ ਅਮੋਲਕ ਸ਼ਕਤੀ ਹੈ ਉਹ 'ਦ੍ਰਿਸ਼ਟੀ' ਦੀ ਦਾਤਿ ਹੈ। ਅਨੰਦ ਸਾਹਿਬ ਦੀ ਬਾਣੀ ਵਿਚ ਗੁਰੂ ਅਮਰਦਾਸ ਜੀ ਨੇ ਨੇਤਰਾਂ ਨੂੰ ਪਿਆਰ ਨਾਲ ਸੰਬੋਧਨ ਕਰਕੇ ਸੰਸਾਰ ਦੀ ਹਰ ਵਸਤੂ ਤੇ ਵਿਅਕਤੀ ਅੰਦਰ ਪ੍ਰਮਾਤਮਾ ਦੀ ਮੌਜੂਦਗੀ ਨੂੰ ਵੇਖਣ ਦੀ ਪ੍ਰੇਰਨਾ ਦਿਤੀ ਹੈ, ਤਾਂਕਿ ਮਨੁੱਖ ਦਾ ਧਿਆਨ ਹਰ ਵੇਲੇ ਚੰਗਿਆਈ ਦੇ ਸੋਮੇ ਵਲ ਹੀ ਜਾਵੇ :

> ਏ ਨੇਤ੍ਰਹੁ ਮੇਰਿਹੋ, ਹਰਿ ਤੁਮ ਮਹਿ ਜੋਤਿ ਧਰੀ, ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ, ਨਦਰੀ ਹਰਿ ਨਿਹਾਲਿਆ ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ, ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ, ਹਰਿ ਬਿਨੁ ਅਵਰੁ ਨ ਕੋਈ ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ, ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥
>
> [ਰਾਮਕਲੀ ਮ: ੩, ਪੰਨਾ ੯੨੨

ਜਿਹੜੇ ਸਿਖ ਨੂੰ ਦਿਬ-ਦ੍ਰਿਸ਼ਟੀ ਦੀ ਦਾਤਿ ਪ੍ਰਾਪਤ ਹੋ ਜਾਏ, ਉਸ ਦੇ ਅੰਦਰ ਬ੍ਰਹਿਮੰਡੀ-ਚੇਤਨਾ (Cosmic Consciousness) ਦਾ ਉਜਾਲਾ ਹੋ ਜਾਂਦਾ ਹੈ, ਜਿਸ ਦੇ ਨਾਲ ਉਸ ਨੂੰ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ। ਉਹ ਆਪਣੇ ਡੂੰਘੇ ਅਨੁਭਵ ਦੇ ਨਾਲ ਇਹ ਦੇਖ ਲੈਂਦਾ ਹੈ ਕਿ ਔਗੁਣਹਾਰਿਆਂ ਦੇ ਗੁਨਾਹਾਂ ਪਿਛੇ ਜੋ ਭਾਵਨਾ ਕੰਮ ਕਰਦੀ ਹੈ ਉਸ ਨੂੰ ਸੁਧਾਰਨ ਦਾ ਸਭ ਤੋਂ ਸਫਲ ਤਰੀਕਾ ਪਿਆਰ ਤੇ ਹਮਦਰਦੀ ਦੇ ਵਤੀਰੇ ਵਾਲਾ ਹੀ ਹੋ ਸਕਦਾ ਹੈ। ਇਸੇ ਲਈ ਉਹ ਪਾਪੀਆਂ ਦੇ ਔਗੁਣਾਂ ਨੂੰ ਸਹਾਰ ਕੇ ਵੀ ਉਨ੍ਹਾਂ ਦਾ ਭਲਾ ਕਰਨ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦਾ ਹੈ। ਭਾਈ ਗੁਰਦਾਸ ਜੀ ਨੇ

† ਸੁਖਮਨੀ ਦਾ ਵਿਸ਼ਾ ਤੇ ਪ੍ਰਭਾਵ, ਨਾਨਕ ਪ੍ਰਕਾਸ਼ ਪਤ੍ਰਿਕਾ, ਜੂਨ ੧੯੭੬



www.AKJ.Org

ਲਿਖਿਆ ਹੈ ਕਿ, "ਅਸੀਂ ਜਗਤ ਵਿਚ ਦੇਖਦੇ ਹਾਂ ਕਿ ਜਿਸ ਨੇ ਕਿਸੇ ਨਾਲ ਗੁਣ ਕੀਤਾ ਹੋਵੇ, ਉਹ ਉਸ ਨਾਲ ਗੁਣ ਕਰਦਾ ਹੈ, ਬੁਰਾ ਕਰਨ ਵਾਲੇ ਦਾ ਭਲਾ ਕੋਈ ਨਹੀਂ ਕਰਦਾ । ਪਰ ਜੋ ਕਿਸੇ ਦੇ ਔਗੁਣ ਸਹਾਰ ਕੇ ਉਸ ਨਾਲ ਗੁਣ ਕਰਦਾ ਹੈ, ਮੈਂ ਉਸ ਤੋਂ ਕੁਰਬਾਨ ਜਾਂਦਾ ਹੈ" :

ਗੁਣ ਕੀਤੇ ਗੁਣ ਹੋਇ ਜਗ ਪਤੀਆਇਆ ॥
ਅਵਗੁਣ ਸਹਿ ਗੁਣ ਕਰੈ ਘੋਲੁ ਘੁਮਾਇਆ ॥
[ਵਾਰ ੨੦, ਪਉੜੀ ੧੨

ਗੁਰਮੁਖ ਹਰ ਪਲ ਨਿੰਮਰਤਾ, ਮਿਠਾਸ ਤੇ ਖਿਮਾ ਦਾ ਬਾਰੰਬਾਰ ਅਭਿਆਸ ਕਰਦੇ ਹਨ, ਤਾਂ ਜੁ ਉਨ੍ਹਾਂ ਦੇ ਆਚਰਨ ਤੇ ਵਤੀਰੇ ਵਿਚ 'ਦੇਖ ਕੇ ਅਣਡਿਠ ਕਰਨ' ਦਾ ਬਲ ਅਤੇ ਪਰਉਪਕਾਰ ਲਈ ਉਮਾਹ ਵਿਗਸਦਾ ਰਵ੍ਹੇ । ਇਹ ਸਾਰੇ ਮਾਨਵ-ਵਾਦੀ ਗੁਣ ਉਹ ਆਪਣੇ ਦੈਵੀ-ਕੰਤ ਨੂੰ ਰੀਝਾਉਣ ਦੀ ਖ਼ਾਤਰ ਧਾਰਨ ਕਰਦੇ ਹਨ । ਉਨ੍ਹਾਂ ਦਾ ਜੀਵਨ ਸਦਾ-ਵਿਗਾਸ ਤੇ ਚੜ੍ਹਦੀ ਕਲਾ ਦੀ ਅਵਸਥਾ ਵਿਚ ਬੀਤਦਾ ਹੈ ।

(੩)

ਇਹ ਇਕ ਬੜਾ ਪ੍ਰਸਿੱਧ ਮਨੋ-ਵਿਗਿਆਨਕ ਅਸੂਲ ਹੈ ਕਿ ਜਿਹੋ ਜਿਹੇ ਵਿਚਾਰ ਬਾਰ ਬਾਰ ਕਲਪਣਾ ਵਿਚ ਆਉਂਦੇ ਹਨ, ਉਹੋ ਜਿਹਾ ਮਨੁੱਖ ਦਾ ਜੀਵਨ ਬਣ ਜਾਂਦਾ ਹੈ, ਉਸੇ ਤਰ੍ਹਾਂ ਉਸ ਦਾ ਸੁਭਾਅ ਤੇ ਆਚਰਨ ਢਲਦੇ ਹਨ । ਦੂਜਿਆਂ ਦੇ ਅਉਗੁਣ ਲਭਣ ਨਾਲ ਮਨੁੱਖ ਦੇ ਵਤੀਰੇ ਵਿਚ ਉਹ ਹੀ ਦੂਸ਼ਣ ਪੈਦਾ ਹੋ ਜਾਂਦੇ ਹਨ ਜੋ ਉਹ ਹੋਰਨਾਂ ਵਿਚੋਂ ਲਭਦਾ ਰਹਿੰਦਾ ਹੈ । ਕੋਈ ਵੀ ਮਨੁਖ ਇਹ ਦਾਅਵਾ ਨਹੀਂ ਕਰ ਸਕਦਾ ਕਿ ਉਹ ਅਭੁੱਲ ਹੈ ਜਾਂ ਉਸ ਵਿਚ ਔਗੁਣ ਨਹੀਂ, "ਗੁਣ ਅਵਗੁਣ ਹੈ ਸਭਿ ਵਿਖੈ" । ਲੇਕਿਨ ਦੂਜਿਆਂ ਵਲ ਵੇਖ ਕੇ ਹਰ ਵੇਲੇ ਮੀਨ-ਮੇਖ ਕਢੀ ਜਾਣੀ ਹਿਰਦੇ ਦੀ ਕੰਗਾਲਤਾ ਤੇ ਹੋਛੇਪਣ ਦਾ ਪ੍ਰਤੱਖ ਸਬੂਤ ਹੈ । ਤਰਕ ਉਹ ਕਰਦਾ ਹੈ ਜਿਸ ਨੂੰ ਆਪਣੇ ਚੰਗੇਪਣ ਦਾ ਵਿਸ਼ਵਾਸ ਨਹੀਂ, ਜੋ ਹਮੇਸ਼ਾ ਹੀਣਤਾ ਭਾਵ (luferiority Complex) ਵਿਚ ਘੁਲਦਾ ਰਹਿੰਦਾ ਹੈ । ਦੂਜਿਆਂ ਦੇ ਨੁਕਸ ਕਢਣ ਵਾਲੇ ਦਾ ਜੀਵਨ ਵਿਗਸਣ ਦੀ ਬਜਾਇ ਬੁਝਣਾ ਸ਼ੁਰੂ ਹੋ ਜਾਂਦਾ ਹੈ । ਉਸ ਦੇ ਅੰਤਰ-ਆਤਮੇ ਚੋਂ ਸਿਰਜਨਾਤਮਕਤਾ ਦਾ ਸਰਬ-ਨਾਸ਼ ਹੋਣ ਲਗਦਾ ਹੈ, ਕਿਉਂ ਜੁ ਤਰਕ ਕੁਤਰਕ ਕਰਨ ਵੇਲੇ ਉਸ ਦਾ ਧਿਆਨ ਆਪਣੀ ਉਸਾਰੀ ਵਲੋਂ ਹਟ ਕੇ ਦੂਜਿਆਂ ਵਲ ਲਗਾ ਰਹਿੰਦਾ ਹੈ ਅਤੇ ਉਹ ਕਿਸੇ ਵੀ ਭਰੋਸੇ ਯੋਗ ਖੂਬੀ ਨੂੰ ਆਪਣੇ ਜੀਵਨ ਵਿਚ ਪ੍ਰਫੁਲਤ ਹੋਣ ਦਾ ਮੌਕਾ ਹੀ ਨਹੀਂ ਦਿੰਦਾ । ਜੀਵਨ ਬੜਾ ਵਚਿੱਤਰ ਹੈ, ਇਸ ਵਿਚ ਹਰ ਛਿਨ ਕੁਝ ਨ ਕੁਝ ਉਗਮ ਕੇ ਵਿਗਸ ਰਿਹਾ ਹੈ । ਜਿਸ ਹਿਰਦੇ ਵਿਚ ਦੂਜਿਆਂ ਦੇ ਨੁਕਸ ਛਾਂਟਣ ਦੇ ਵਿਚਾਰ ਭਰੇ ਪਏ ਹੋਣ, ਉਸ ਵਿਚ ਕਿਸੇ ਉਚੇਰੇ ਆਤਮਿਕ ਜੀਵਨ ਦੀ ਤਰੱਕੀ ਸੰਭਵ ਨਹੀਂ । ਗੁਰੂ ਰਾਮਦਾਸ ਪਾਤਸ਼ਾਹ ਦਾ ਫ਼ੁਰਮਾਨ ਹੈ :—

ਪਰਾਇਆ ਛਿਦ੍ਰ ਅਟਕਲੈ
ਆਪਣਾ ਅਹੰਕਾਰੁ ਵਧਾਵੈ ॥
[ਰਾਗ ਆਸਾ ਮ: ੪, ਪੰਨਾ ੩੬੬

ਜਦੋਂ ਹਉਮੈ ਵਧਣੀ ਸ਼ੁਰੂ ਹੋ ਜਾਏ ਤਾਂ ਮਨੁੱਖ ਸੀਮਤ ਤੇ ਖੁਦਗਰਜ਼ ਭਾਵਨਾ ਨਾਲ ਵਿਚਰਦਾ ਹੈ । ਹਉਮੈ ਦੀ ਅਗਵਾਈ ਵਿਚ ਵਿਚਰਦੇ ਮਨੁਖ ਨੂੰ ਹੀ "ਮਨਮੁਖ" ਆਖਿਆ ਗਿਆ ਹੈ, ਜੋ ਸੰਸਾਰ ਦੇ ਤ੍ਰਾਸਦ-ਕੁਚੱਕਰ ਵਿਚ ਫਸਿਆ ਰਹਿੰਦਾ ਹੈ । ਉਸ ਦੀ ਹੋਂਦ-ਅਵਸਥਾ (Existential Condition) ਪਸ਼ੂ-ਪੱਧਰ‡ ਤੋਂ ਕਿਸੇ ਤਰ੍ਹਾਂ ਵੀ ਉਪਰ ਨਹੀਂ ਆਖੀ ਜਾ ਸਕਦੀ । ਹਉਮੈ-ਅਧੀਨ ਹੀ ਪੰਜ ਮਨੋਵਿਕਾਰ ਆਤਮਿਕ ਤੇ ਮਾਨਸਿਕ ਸ਼ਕਤੀ ਨੂੰ ਖੀਨ ਕਰਦੇ ਹਨ, ਜਿਸ ਨੂੰ ਗੁਰਬਾਣੀ ਵਿਚ 'ਅੰਮ੍ਰਿਤ ਲੁੱਟਣ' ਨਾਲ ਤਸ਼ਬੀਹ ਦਿਤੀ ਗਈ ਹੈ । ਜਿਥੇ 'ਗੁਰਮੁਖ' ਅਕਲ ਦਾ ਮਾਲਕ ਹੁੰਦਿਆਂ ਸੁੰਦਿਆਂ ਅੰਞਾਣਾ*

‡ ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥
(ਮਲਾਰ ਮ: ੧, ਪੰਨਾ ੧੨੮੪)

* ਮਤਿ ਹੋਦੀ ਹੋਇ ਇਆਣਾ ॥
ਤਾਣ ਹੋਦੇ ਹੋਇ ਨਿਤਾਣਾ ॥
ਅਣਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥
(ਸਲੋਕ ਫਰੀਦ ਜੀ, ਪੰਨਾ ੧੩੮੪)



www.AKJ.Org

ਬਣਿਆ ਰਹਿੰਦਾ ਹੈ ਤੇ ਭੋਲੇਪਣ ਵਿਚ ਵਿਚਰਦਾ ਹੈ, ਉਥੇ 'ਮਨਮੁਖ' ਹੰਕਾਰ ਨਾਲ ਫੁੰਕਾਰੇ ਛਡਣ ਲਗ ਪੈਂਦਾ ਹੈ ਤੇ ਆਪਣੀ ਅਕਲ ਦੀ ਨਜਾਇਜ਼ ਵਰਤੋਂ ਕਰ ਕੇ ਆਪਣੇ ਤੋਂ ਘਟ ਚਾਲਾਕ ਵਿਅਕਤੀਆਂ ਦੇ ਹਿਤਾਂ ਨੂੰ ਪੂਰਾ ਤਾਣ ਲਾ ਕੇ ਹਾਨੀ ਪਹੁੰਚਾਉਂਦਾ ਹੈ। ਉਹ (ਮਨਮੁਖ) ਹਰ ਵੇਲੇ ਆਪਣੀ ਫੋਕੀ ਵਿਦਵਤਾ ਦਾ ਰੁਅਬ ਪਾ ਕੇ ਦੂਜਿਆਂ ਵਿਚ ਦੋਸ਼ ਕੱਢਦਾ ਹੈ। ਅਤੇ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦਾ, ਭਾਵੇਂ ਉਸ ਦਾ ਵਾਹ ਕਿਸੇ ਆਤ-ਮਿਕ ਸਿਖਰ ਤੇ ਪੁੱਜੇ 'ਸੰਤ' ਨਾਲ ਪਵੇ ਜਾਂ ਕਿਸੇ ਪਰਉਪਕਾਰੀ ਨਾਲ। ਗੁਰੂ ਅਮਰਦਾਸ ਜੀ ਨੇ ਆਪਣੇ ਡੂੰਘੇ ਅਨੁਭਵ ਦੇ ਨਾਲ ਦਰਸਾਇਆ ਹੈ ਕਿ—"ਮਨਮੁਖ ਦੇ ਜੀਵਨ ਨੂੰ ਚੰਗੀ ਤਰ੍ਹਾਂ ਨੀਝ ਲਾ ਕੇ ਵੇਖੀਏ ਤਾਂ ਇਹ ਪਤਾ ਚਲਦਾ ਹੈ ਕਿ ਉਹ ਹਮੇਸ਼ਾ ਆਪ-ਹੁਦਰਾ ਹੋ ਕੇ ਗੁਰੂ ਦੇ ਦਸੇ ਮਾਰਗ ਦੇ ਉਲਟ ਹੀ ਚਲਦਾ ਹੈ। ਜਾਲ ਵਿਚ ਫਸੇ ਹੋਏ ਮਿਰਗ ਦੀ ਤਰ੍ਹਾਂ ਉਹ ਬੇਵਸ ਹੋ ਕੇ ਮਾਇਆ ਦੇ ਬੰਧਨਾਂ ਵਿਚ ਗ੍ਰਸਿਆ ਰਹਿੰਦਾ ਹੈ। ਸਭ ਜਾਣਦੇ ਹਨ ਕਿ ਲੋਭ ਮੋਹ ਅਤੇ ਨਿੰਦਾ ਬੁਰੀਆਂ ਚੀਜ਼ਾਂ ਹਨ ਤੇ ਕਾਮ ਕ੍ਰੋਧ ਡਰਾਉਣੇ, ਪਰ ਮਨਮੁਖ ਆਪਣੀ ਚੰਮ-ਦ੍ਰਿਸ਼ਟੀ ਦੇ ਨਾਲ ਇਹ ਔਗੁਣ ਦੇਖ ਨਹੀਂ ਸਕਦਾ, ਕਿਉਂਕਿ ਉਹ ਗੁਰੂ ਦੇ ਸ਼ਬਦ ਦੀ ਵੀਚਾਰ ਨਹੀਂ ਕਰਦਾ, ਜਿਸ ਨਾਲ ਉਸ ਨੂੰ ਇਹ ਸੋਝੀ ਹੋਵੇ" :-

ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰ ਨਿਹਾਲ ॥ ਫਾਹੀ ਫਾਥੇ ਮਿਰਗ ਜਿਉ ਸਿਰਿ ਦਿਸੈ ਜਮਕਾਲੁ॥ਖੁਦਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥ ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ॥

[ਸਲੋਕ ਮ: ੩, ਵਾਰ ਮਲ਼ਾਰ, ਪੰ: ੧੨੭੯

'ਸਿਖਾਂ ਦੀ ਭਗਤਮਾਲ' ਵਿਚ ਭਾਈ ਮਨੀ ਸਿੰਘ ਜੀ ਨੇ ਲਿਖਿਆ ਹੈ ਕਿ ਕਰਤਾਰਪੁਰ ਵਿਚ, ਇਕ ਸਮੇਂ ਭਗਤਾ ਖਤ੍ਰੀ ਤੇ ਜਾਪੂ ਓਹਰੀ, ਦੋ ਸ਼ਰਧਾ-ਵਾਨ ਸਿੱਖ, ਗੁਰੂ ਨਾਨਕ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਨਿਮਰਤਾ ਸਹਿਤ ਅਰਦਾਸ ਕੀਤੀ ਕਿ, "ਸੱਚੇ ਪਾਤਸ਼ਾਹ ਉਂਜ ਤਾਂ ਤੁਹਾਡੇ ਦਿੱਬ ਗੁਰੂ ਦਰਸ਼ਨ ਹੀ ਤੱਤ ਗਿਆਨ ਦਾ ਪ੍ਰਕਾਸ਼, ਸਿੱਖਾਂ ਦੇ ਹਿਰਦੇ ਵਿਚ ਕਰਨ ਵਾਲੇ ਹਨ। ਪਰ ਇਹ ਚੰਗੇ ਭਾਗ ਕੇਵਲ ਵਿਦਵਾਨ, ਪੜ੍ਹੇ ਲਿਖੇ ਪੁਰਖਾਂ ਦੇ ਹੀ ਹਨ। ਅਸੀਂ ਅਨਪੜ੍ਹ ਵਿਦਿਆ ਹੀਨ ਹਾਂ। ਅਸਾਡੇ ਉਤੇ ਅਤਿਅੰਤ ਕ੍ਰਿਪਾਲੂ ਹੋ ਕੇ ਅਸਾਨੂੰ ਸਿੱਖੀ ਦਾ ਰਹੱਸ ਸਮਝਾਓ।" ਗੁਰੂ ਸਾਹਿਬ ਨੇ ਕਿਹਾ, "ਭਾਈ ਸਿੱਖੋ! ਮਨੁਖਾ ਜਨਮ ਦਾ ਕਲਿਆਣ ਕਿਤਾਬੀ ਵਿਦਿਆ ਦੁਆਰਾ ਨਹੀਂ, ਮਨਮੁਖਾਂ ਦੇ ਕਰਮ ਤਿਆ-ਗਣ ਨਾਲ ਹੀ ਹੋ ਸਕਦਾ ਹੈ।" ਭਗਤਾ ਖਤਰੀ ਤੇ ਜਾਪੂ ਓਹਰੀ ਦੀ ਪੁੱਛ ਤੇ ਗੁਰੂ ਨਾਨਕ ਜੀ ਨੇ ਮਨਮੁਖ-ਕਰਮਾਂ ਦਾ ਵਰਨਣ ਖੋਲ੍ਹ ਕੇ ਇਸ ਤਰ੍ਹਾਂ ਕੀਤਾ :—

"ਚਾਰ ਸਾਖੀਆਂ ਮਨਮੁਖਾਂ ਦੀਆਂ ਹੈਨਿ। ਪ੍ਰਿਥਮੇ ਈਰਖਾ, ਹਰ ਕਿਸੇ ਨਾਲ ਬਖੀਲੀ ਕਰਨੀ ਜੁ ਸਭੇ ਪਦਾਰਥ ਤੇ ਸਭੇ ਗੁਣ ਮੈਥੇ ਹੀ ਹੋਵਨਿ, ਪਰ ਜੇ ਕਿਸੇ ਹੋਰਸ ਥੇ ਹੋਵਨ, ਤਾਂ ਰਿਦਾ ਪਰਸੰਨ ਨ ਹੋਵਨਾ, ਸਭਨਾਂ ਨੂੰ ਆਪਣਾ ਵੈਰੀ ਜਾਣਨਾ। ਤੇ ਦੂਜੀ ਅੱਕ੍ਰਣਾ, ਹਉਮੈ ਕਰਨੀ। ਜੇ ਆਪ ਥੀਂ ਘਟ ਵੇਖਣਾ ਤਾਂ ਉਸ ਨੂੰ ਬੁਧਿ ਨ ਦੇਵਣੀ, ਓਸ ਨੂੰ ਹੱਸਣਾ ਤੇ ਹਉਮੈ ਕਰਣੀ ਜੋ ਮੇਰੇ ਜਿਹਾ ਕੋਈ ਨਹੀਂ, ਤੇ ਤੀਜੀ ਨਿੰਦਾ, ਜੋ ਆਪ ਥੀਂ ਕੋਈ ਵਿਸ਼ੇਖ ਹੋਵੈ, ਤਾਂ ਓਸ ਦੀ ਕੋਈ ਉਸਤਤਿ ਕਰੇ ਤਾਂ ਸਹਾਰ ਨਾ ਸਕਣੀ, ਸਗੋਂ ਉਸ ਦੀ ਨਿੰਦਾ ਕਰਣੀ, ਜੁ ਓਹੁ ਭੀ ਮੇਰਾ ਡਿਠਾ ਹੋਆ ਹੈ। ਜੇ ਆਪਣੇ ਸਮਾਨ ਹੋਵੈ ਤਾਂ ਗਰਬ ਕਰਨਾ, ਈਰਖਾ ਕਰਨੀ, ਜੁ ਮੇਰੇ ਵਿਚ ਵਡੇ ਗੁਣ ਹੈਨਿ ਉਹ ਕਿਆ ਹੈ। ਤੇ ਚੌਥੀ ਹਠ ਬ੍ਰਿਤ, ਅਗੋਂ ਕੋਈ ਉਪਦੇਸੁ ਮੰਨੇ ਨਹੀਂ ਤਾਂ ਉਸ ਨੂੰ ਜੋਰੀ ਹਠ ਕਰਕੇ ਕਹਿਣਾ। ਏਹ ਚਾਰੋ ਸਾਖੀਆਂ ਮਨ-ਮੁਖਾਂ ਦੀਆਂ ਹੈਨਿ। ਇਨ੍ਹਾਂ ਦਾ ਤਿਆਗ ਕਰਨਾ।†

ਅਜ ਦੇ ਸਮੇਂ ਵਿਚ ਸਿੱਖ ਕੌਮ ਦੀ ਸ਼ਕਤੀ

† ਸਿਖਾਂ ਦੀ ਭਗਤ ਮਾਲਾ ੧੯੬੬, ਪੰਨਾ ੪੪, ਸੰਪਾਦਿਕ ਭਾਈ ਵੀਰ ਸਿੰਘ ਜੀ।



www.AKJ.Org

ਇਕ ਦੂਜੇ ਵਿਚ ਦੋਸ਼ ਕਢਣ ਤੇ ਛਾਂਟਣ ਵਿਚ ਹੀ ਲੱਗੀ ਹੋਈ ਹੈ। ਇਕ ਦੂਜੇ ਦੇ ਵਿਰੁਧ ਕਲਮਾਂ ਇੰਜ ਚਲਦੀਆਂ ਹਨ ਜਿਵੇਂ ਤਲਵਾਰਾਂ ਚਲਦੀਆਂ ਹੋਣ। ਈਰਖਾ ਦੇ ਕਾਰਨ ਦੂਜਿਆਂ ਦੇ ਮੱਥੇ ਦੋਸ਼ ਮੜ੍ਹੀ ਜਾਣਾ ਮਨਮੁਖਾਂ ਵਾਲਾ ਧੂਰਤ ਕਰਮ ਹੈ, ਜਿਸ ਕਾਰਨ ਅਨੇਕਾਂ ਹੀ ਸਿਖ ਆਪਣਾ ਹਲਤ ਪਲਤ ਭੀ ਵਿਗਾੜ ਚੁਕੇ ਹਨ ਅਤੇ ਪੰਥਕ ਅਧੋਗਤੀ ਵਿਚ ਵੀ ਸਹਾਈ ਹੋਏ ਹਨ। ਗੁਰੂ ਨਾਨਕ ਸਾਹਿਬ ਦੀ ਬਾਣੀ "ਪਟੀ" ਵਿਚ ਲਿਖੀ ਹੋਈ ਇਹ ਤੁਕ ਤਾਂ ਹਰ ਸਿੱਖ ਦੇ ਹਿਰਦੇ ਤੇ ਉਕਰ ਦੇਣੀ ਚਾਹੀਦੀ ਹੈ, ਜਿਸ ਵਿਚ ਉਨ੍ਹਾਂ ਲਿਖਿਆ ਹੈ:

ਦਦੈ ਦੋਸੁ ਨ ਦੇਊ ਕਿਸੈ
ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ
ਦੋਸੁ ਨ ਦੀਜੈ ਅਵਰ ਜਨਾ ॥

[ਆਸਾ ਮ: ੧, ਪਟੀ ਲਿਖੀ, ਪੰ: ੪੩੩

ਡਾ: ਭਾਈ ਵੀਰ ਸਿੰਘ ਜੀ ਨੇ ਗੁਰਮਤਿ ਦੇ ਸਿਧਾਂਤਾਂ ਦੀ ਅਦਭੁਤ ਵਿਆਖਿਆ ਕਰਦਿਆਂ ਲਿਖਿਆ ਹੈ ਕਿ 'ਸਾਡੀ ਵਿਦਿਆ ਕਹਿੰਦੀ ਹੈ ਅਵਗੁਣ ਦੇਖ ਕੇ ਅਣਡਿਠ ਕਰੋ। ਇਹ ਮਤਲਬ ਨਹੀਂ ਕਿ ਔਗੁਣਾਂ ਨੂੰ ਪਿਆਰ ਕਰੋ ਜਾਂ ਇਹ ਕੂੜਾ ਲੋਕਾਂ ਵਿਚ ਰਹਿਣ ਦਿਓ, ਪਰ ਇਹ ਕਿ ਕਿਸੇ ਦੇ ਔਗੁਣ ਦੇਖ ਕੇ ਉਸ ਨੂੰ ਭੰਡੋ ਛੰਡੋ ਨਾ, ਪਰ ਜੇ ਸਰੇ ਬਣੇ ਤਾਂ ਪ੍ਰੇਰਨਾ ਨਾਲ, ਪਿਆਰ ਨਾਲ ਉਸ ਨੂੰ ਭਲੇ ਪਾਸੇ ਲਾਓ, ਤਾਂ ਜੋ ਉਸ ਦੇ ਔਗੁਣ ਦੂਰ ਹੋ ਜਾਣ ਤੇ ਉਹ ਨਿਰਮਲ ਹੋ ਜਾਵੇ।'‡ ਗੁਰਮੁਖਤਾ ਦੇ ਮਾਰਗ ਤੇ ਚਲਣ ਵਾਲੇ ਕਦੇ ਵੀ ਇਕ ਦੂਜੇ ਦੇ ਵਿਰੁੱਧ ਮਨਮੁੱਖਾਂ ਵਾਲਾ ਭੰਡੀ-ਪਰਚਾਰ ਦਾ ਕੋਝਾ ਹਥਿਆਰ ਨਹੀਂ ਵਰਤਦੇ, ਸਗੋਂ ਦਿਲੀ-ਸਾਂਝ ਪਾ ਕੇ ਪ੍ਰੇਮ ਤੇ ਸਹਿਨਸ਼ੀਲਤਾ ਨਾਲ ਇਕ ਦੂਜੇ ਦਾ ਸੁਧਾਰ ਕਰਦੇ ਹਨ।

( ੪ )

ਵਾਹਿਗੁਰੂ ਦੀ ਸਭ ਤੋਂ ਵਡੀ ਕਿਰਪਾ ਇਹ ਹੈ ਕਿ ਉਹ ਮਨੁੱਖਾਂ ਦੀਆਂ ਕਮੀਆਂ ਤੇ ਔਗੁਣਾਂ ਨੂੰ ਜਾਣਦਾ ਹੋਇਆ ਭੀ ਅਣਡਿਠ ਕਰਦਾ ਹੈ ਅਤੇ ਉਨ੍ਹਾਂ ਦੇ ਕਲਿਆਣ ਲਈ 'ਗੁਰੂ' ਦੀ ਅਗਵਾਈ ਬਖ਼ਸ਼ਦਾ ਹੈ -ਸਗੋਂ ਗੁਰੂ ਤਾਂ ਖ਼ਾਸ ਕਰਕੇ ਕੁਰਾਹੇ ਪਏ ਪਾਪੀਆਂ ਲਈ ਹੀ ਭੇਜਿਆ ਜਾਂਦਾ ਹੈ; ਤਾਂਕਿ ਉਨ੍ਹਾਂ ਨੂੰ ਖ਼ਾਲਸਾ ਬਣਾਇਆ ਜਾ ਸਕੇ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ 'ਚੜ੍ਹਿਆ ਸੋਧਣ ਧਰਤਿ ਲੋਕਾਈ' ਦੇ ਸ਼ਬਦਾਂ ਵਿਚ ਪ੍ਰਸਤੁਤ ਕੀਤਾ ਹੈ। ਸੰਸਾਰ ਦੇ ਕੋਨੇ ਕੋਨੇ ਵਿਚ ਜਿਥੇ ਵੀ 'ਭਰਮ ਤੇ ਪਾਪ' ਪਸਰੇ ਹੋਏ ਸਨ, ਉਥੇ ਹੀ ਗੁਰੂ ਬਾਬਾ ਜੀ 'ਸੱਚ ਤੇ ਧਰਮ' ਦਾ ਸੰਦੇਸ਼ ਦੇਣ ਲਈ ਪੁਜ ਜਾਂਦੇ। ਉਨ੍ਹਾਂ ਆਪਣੇ ਰੱਬੀ ਜੀਵਨ ਦੀ ਛੁਹ ਨਾਲ ਲੋਕਾਂ ਦਾ ਜੀਵਨ ਬਣਾਇਆ। ਉਨ੍ਹਾਂ ਦੀ ਅੰਮ੍ਰਿਤ-ਦ੍ਰਿਸ਼ਟੀ ਤੇ ਬਚਨਾਂ ਨੇ ਸੜਦੇ ਬਲਦੇ ਸੰਸਾਰ ਨੂੰ ਸੀਤਲਤਾ ਬਖਸ਼ੀ। ਇਸੇ ਲਈ ਕਿਹਾ ਜਾਂਦਾ ਹੈ ਕਿ ਬ੍ਰਹਿਮੰਡ ਦੇ ਤਾਰਿਆਂ ਦੀ ਗਿਣਤੀ ਤਾਂ ਹੋ ਸਕਦੀ ਹੈ ਪਰ ਬਾਬੇ ਨਾਨਕ ਦੇ ਤਾਰਿਆਂ ਦਾ ਕੋਈ ਅੰਤ ਨਹੀਂ ਪਾ ਸਕਦਾ। ਗੁਰੂ ਸਾਹਿਬ ਕਦੇ ਕਿਸੇ ਦੇ ਔਗੁਣ ਨ ਚਿਤਾਰਦੇ, ਸਗੋਂ ਸਭ ਨੂੰ 'ਸੂਝ ਤੇ ਸਨੇਹ' ਦੇ ਨਾਲ ਰੱਬ ਨਾਲ ਜੋੜ ਦਿੰਦੇ, ਤਾਂਕਿ ਉਨ੍ਹਾਂ ਦਾ ਜੀਵਨ ਪਲਟ ਜਾਏ। ਤੁਲੰਭੇ ਵਿਚ ਰਹਿਣ ਵਾਲੇ ਮਨੁੱਖਾਂ ਦੇ ਕਾਤਲ ਸਜਣ ਠਗ' ਨੂੰ ਗੁਰੂ ਬਾਬੇ ਨੇ ਆਪਣੀ ਦ੍ਰਿਸ਼ਟੀ ਤੇ ਸ਼ਬਦ ਦੀ ਕਰਾਮਾਤ ਦੇ ਨਾਲ ਇਤਨਾ ਉਚਾ ਕਰ ਦਿਤਾ ਕਿ ਉਹ ਸਚ-ਮੁੱਚ ਸਭ ਦਾ 'ਸੱਜਣ' ਬਣ ਗਿਆ। ਕਮਾਲ ਦੀ ਗੱਲ ਇਹ ਕਿ ਉਸੇ ਦੀ ਕਤਲਗਾਹ 'ਧਰਮਸਾਲ' ਦਾ ਰੂਪ ਧਾਰਨ ਕਰ ਗਈ, ਜੋ ਸਿੱਖੀ ਦੇ ਪ੍ਰਚਾਰ ਦਾ ਸਭ ਤੋਂ ਪਹਿਲਾ ਕੇਂਦਰ ਬਣੀ। ਸਿਖ ਇਤਿਹਾਸ ਵਿਚ ਅਨੇਕਾਂ ਹੀ ਅਜਿਹੀਆਂ ਸਾਖੀਆਂ ਹਨ, ਜਿਨ੍ਹਾਂ ਵਿਚੋਂ ਦੇਖ ਕੇ ਅਣਡਿਠ ਕਰਨ ਦੀ ਪ੍ਰੇਰਨਾ ਮਿਲਦੀ ਹੈ।

ਗੁਰੂ ਅਰਜਨ ਦੇਵ ਜੀ ਨੂੰ "ਸ਼ਾਂਤੀ ਦੇ ਸਮੁੰਦਰ" ਤੇ 'ਸ਼ਹੀਦਾਂ ਦੇ ਸਿਰਤਾਜ' ਕਰਕੇ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਹਿਰਦੇ ਵਿਚੋਂ ਸਹਿਨਸ਼ੀਲਤਾ ਤੇ

‡ਭਾ: ਵੀਰ ਸਿੰਘ; ਬਾਬਾ ਨੌਧ ਸਿੰਘ ੧੯ਵੀਂ ਛਾਪ, ਪੰ: ੧੭੭



www.AKJ.Org

ਨਿਰਵੈਰਤਾ ਡੁਲ੍ਹ ਡੁਲ੍ਹ ਪੈਂਦੀ ਸੀ। 'ਨਾ ਕੋ ਬੈਰੀ ਨਹੀ ਬਿਗਾਨਾ,ਸਗਲ ਸੰਗਿ ਹਮ ਕਉ ਬਨਿ ਆਈ''† ਉਨ੍ਹਾਂ ਦਾ ਹੀ ਫੁਰਮਾਨ ਹੈ। ਬਾਬਾ ਪ੍ਰਿਥੀ ਚੰਦ ਜੀ ਨੇ ਉਨ੍ਹਾਂ ਤੇ ਪੂਰਾ ਤਾਣ ਲਾ ਕੇ ਕਿਤਨੇ ਹੀ ਹੱਲੇ ਕੀਤੇ, ਕਦੇ ਅੰਮ੍ਰਿਤਸਰ ਸ਼ਹਿਰ ਦੀ ਨਾਕਾਬੰਦੀ ਕੀਤੀ, ਕਦੇ ਉਨ੍ਹਾਂ ਦੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਦੀ ਜਾਨ ਤੇ ਮਾਰੂ ਹਮਲੇ ਕੀਤੇ, ਕਦੇ ਗੁਰੂ ਸਾਹਿਬ ਵਿਰੁੱਧ ਹਾਕਮਾਂ ਨੂੰ ਭੜਕਾਇਆ; ਪਰ ਪੰਚਮ ਪਾਤਸ਼ਾਹ ਨੇ ਕਿਸੇ ਵੇਲੇ ਵੀ ਨ ਉੱਚਾ ਬੋਲਿਆ ਤੇ ਨ ਹੀ ਰੋਸ ਮਨਾਇਆ, ਸਗੋਂ ਹਰ ਗੱਲ ਨੂੰ ਅਣਡਿੱਠ ਕੀਤਾ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ‡ ਹੈ ਕਿ ''ਜਦ ਕਿਸੇ ਦਸਿਆ ਕਿ ਪ੍ਰਿਥੀਚੰਦ ਤੇ ਮਹਾਂਦੇਵ ਜੀ ਰੋਟੀ ਤੋਂ ਵੀ ਆਤੁਰ ਹਨ ਤਾਂ ਪੰਚਮ ਪਾਤਸ਼ਾਹ ਨੇ ਗੁਰੂ ਬਾਜ਼ਾਰ ਤੇ ਮਹਿਸੂਲ ਚੁੰਗੀ ਸਾਰੀ ਹੀ ਉਨ੍ਹਾਂ ਦੇ ਨਾਂ ਲਗਵਾ ਦਿਤੀ ਅਤੇ ਮਹਾਂਦੇਵ ਜੀ ਨੂੰ ਪਾਸੀਆਂ ਵਾਲਾ ਚੌਂਕ ਦਾ ਇਲਾਕਾ ਦਿਤਾ।'' ਗੁਰੂ ਅਰਜਨ ਜੀ ਖਿਮਾਵਾਨ ਭਰਾ ਸਨ।

ਬਕਾਲੇ ਵਿਖੇ ਜਦੋਂ ਮੱਖਣ ਸ਼ਾਹ ਨੇ ''ਗੁਰੂ ਲਾਧੋ ਰੇ'' ਦਾ ਪੱਲੂ ਫੇਰ ਕੇ ਨੌਵੇਂ ਪਾਤਸ਼ਾਹ ਨੂੰ ਸੰਗਤਾਂ ਵਿਚ ਪ੍ਰਗਟ ਕਰ ਦਿਤਾ ਤਾਂ ਧੀਰਮਲ ਈਰਖਾ ਦੀ ਅੱਗ ਵਿਚ ਸੜ ਕੇ ਕੋਲੇ ਹੋ ਗਿਆ। ਉਸ ਨੇ ਸ਼ੀਹੇਂ ਮਸੰਦ ਦੇ ਧਾੜਵੀਆਂ ਨੂੰ ਪਹਿਲੋਂ ਹੀ ਤਿਆਰ ਕੀਤਾ ਹੋਇਆ ਸੀ, ਜਿਨ੍ਹਾਂ ਧਾਵਾ ਕਰਕੇ ਸੰਗਤਾਂ ਵਲੋਂ ਭੇਟਾ ਦੇ ਰੂਪ ਵਿਚ ਚੜ੍ਹੇ ਸਾਰੇ ਸਾਮਾਨ ਨੂੰ ਲੁੱਟ ਲਿਆ ਅਤੇ ਗੁਰੂ ਸਾਹਿਬ ਤੇ ਗੋਲੀ ਚਲਾ ਦਿਤੀ। ਧਰਮ ਦੀ ਮੂਰਤਿ ਗੁਰੂ ਤੇਗ ਬਹਾਦਰ ਜੀ ਤਾਂ ਸ਼ਾਂਤ-ਚਿਤ ਰਹੇ, ਪਰ ਸਿਖਾਂ ਕੋਲੋਂ ਇਹ ਜਰਿਆ ਨ ਗਿਆ। ਉਨ੍ਹਾਂ ਮੱਖਣ ਸ਼ਾਹ ਦੀ ਅਗਵਾਈ ਹੇਠ ਜਵਾਬੀ ਹਮਲਾ ਕਰਕੇ ਸਾਰਾ ਸਮਾਨ ਮੋੜ ਲਿਆਂਦਾ ਅਤੇ ਸ਼ੀਹੇਂ ਮਸੰਦ ਨੂੰ ਮੁਸ਼ਕਾਂ ਬੰਨ੍ਹ ਕੇ ਗੁਰੂ ਸਾਹਿਬ ਅੱਗੇ ਪੇਸ਼ ਕੀਤਾ। ਨੌਵੇਂ ਪਾਤਸ਼ਾਹ ਨੇ ਸਭ ਵਸਤਾਂ ਵਾਪਸ ਕਰਵਾਈਆਂ, ਸ਼ੀਹੇਂ ਮਸੰਦ ਦੀਆਂ ਮੁਸ਼ਕਾਂ ਖੁਲ੍ਹਵਾ ਦਿਤੀਆਂ ਅਤੇ ਦੋਸੀਆਂ ਦੇ ਦੋਸ਼ ਨੂੰ ਖਿਮਾਂ ਦੁਆਰਾ ਅਣਡਿੱਠ ਕਰਨ ਦਾ ਉਪਦੇਸ਼ ਦਿਤਾ। ਗੁਰੂ ਸਾਹਿਬ ਨੇ ਪਿਆਰ ਨਾਲ ਸੰਬੋਧਨ ਕਰ ਕੇ ਜੁੜੀ ਸੰਗਤਿ ਨੂੰ ਪ੍ਰੇਰਨਾ ਦਿਤੀ ਕਿ ''ਸਾਡਾ ਮੁਖ ਧਰਮ ਖਿਮਾ ਹੈ ਅਤੇ ਖਿਮਾ ਹੀ ਵਡਾ ਤਪ ਹੈ। ਖਿਮਾ ਕਰਨਾ ਹੀ ਵਡਾ ਦਾਨ ਹੈ। ਖਿਮਾ ਹੀ ਸਭ ਤੀਰਥਾਂ ਦੇ ਇਸ਼ਨਾਨ ਹਨ। ਖਿਮਾ ਨਾਲ ਹੀ ਮੁਕਤੀ ਦੀ ਦਾਤ ਪ੍ਰਾਪਤ ਹੁੰਦੀ ਹੈ ਅਤੇ ਖਿਮਾ ਕਰਨ ਬਰਾਬਰ ਹੋਰ ਕੋਈ ਗੁਣ ਨਹੀਂ'' :–

ਕਰਨੀ ਛਿਮਾ ਮਹਾਂ ਤਪ ਜਾਨ ॥
ਛਿਮਾ ਕਰਨ ਹੀ ਦੂੈਬੋ ਦਾਨ ॥
ਛਿਮਾ ਸਕਲ ਤੀਰਥ ਇਸ਼ਨਾਨ ॥
ਛਿਮਾ ਕਰਤ ਨਰ ਕੀ ਕਲਿਆਨ ॥
ਛਿਮਾ ਸਮਾਨ ਆਨ ਗੁਨ ਨਾਹੀ ॥
ਯਾਹ ਤੇ ਛਿਮਾ ਧਰਹੁ ਮਨ ਮਾਹੀ ॥

[ਰਾਸ ਗਿਆਰਵੀਂ,ਅੰਸ ੧੭ ਸੂਰਜ ਪ੍ਰਕਾਸ਼ ਗ੍ਰੰਥ

ਕਲਗੀਧਰ ਪਾਤਸ਼ਾਹ ਤਾਂ ''ਵੇਖ ਕੇ ਅਣਡਿੱਠ ਕਰਨ'' ਦਾ ਸਾਕਾਰ ਰੂਪ ਸਨ। ਨਦੌਣ ਦੀ ਜੰਗ ਵਿਚ ਪਹਾੜੀ ਰਾਜਿਆਂ ਦੀ ਮੱਦਦ ਕਰਨੀ, ਭਾਈ ਜੋਗਾ ਸਿੰਘ ਦੀ ਰਾਖੀ ਕਰਨ ਲਈ ਪਹਿਰੇਦਾਰ ਬਣਨਾ, ਬਹਾਦੁਰ ਸ਼ਾਹ ਨੂੰ ਹਿੰਦੁਸਤਾਨ ਦੇ ਤਖ਼ਤ ਤੇ ਬੈਠਣ ਲਈ ਸਹਾਇਤਾ ਕਰਨੀ ਆਦਿ ਅਨਗਿਣਤ ਸਾਖੀਆਂ ਹਨ ਜਿਨ੍ਹਾਂ ਵਿਚੋਂ ਅਣਡਿਠਤਾ ਦਾ ਆਦਰਸ਼ ਡਲ੍ਹਕਾਂ ਮਾਰਦਾ ਹੈ। ਦੁਨੀਆ ਦੇ ਇਤਿ-ਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਹੀ ਐਸੀ ਅਦੁੱਤੀ ਪ੍ਰਤਿਭਾ ਦੇ ਮਾਲਕ ਹਨ ਜੋ ਆਪਣੇ ਪਿਤਾ ਤੇ ਬੱਚਿਆਂ ਦੀ ਸ਼ਹਾਦਤ ਮਗਰੋਂ ਸ਼ਾਂਤ-ਚਿਤ ਹੋ ਕੇ ਆਪਣੇ ਬ੍ਰਹਮ-ਗਿਆਨ ਵਿਚ ਅਡੋਲ ਰਹੇ। ਉਨ੍ਹਾਂ ਸਭ ਕੁਝ ਲੁਟਾ ਕੇ ਔਰੰਗਜ਼ੇਬ ਵਲ 'ਸੱਚ ਦੀ ਜਿੱਤ ਦਾ ਖ਼ਤ' 'ਜ਼ਫ਼ਰਨਾਮਾ' ਲਿਖਿਆ। ਡਾ: ਬਲਬੀਰ ਸਿੰਘ ਜੀ ਨੇ ਇਸ ਨੂੰ ''ਕਲਮ ਦੀ ਕਰਾਮਾਤ''†

---

† ਕਾਨੜਾ ਮ: ੫, ਪੰਨਾ ੧੨੯੯
‡ ਪਰਤਖ੍ ਹਰਿ, ਪੰਨਾ ੧੯੭

† ਕਲਮ ਦੀ ਕਰਾਮਾਤ (ਮਈ ੧੯੪੪) ਪੰਨਾ ੧੬-੧੯



www.AKJ.Org

ਦਰਸਾ ਕੇ ਇਸ ਦੀ ਸਿਧੀ ਨੂੰ ਬੜੇ ਰੌਚਿਕ ਢੰਗ ਨਾਲ ਬਿਆਨਿਆ ਹੈ, ਜਿਸ ਦਾ ਹੂਬਹੂ ਹਵਾਲਾ ਹੇਠਾਂ ਦਰਜ ਹੈ :—

''ਔਰੰਗਜ਼ੇਬ ਆਪਣੇ ਜ਼ਮਾਨੇ ਦਾ 'ਦੈਂਤ ਬਲਿ' ਸੀ, ਜਿਸ ਦੇ ਅੰਤਹਕਰਣ ਵਿਚ ਰੱਬ ਲੁਕਿਆ ਹੋਇਆ ਸੀ। ਏਸ ਮਨ ਵਿਚ ਲੁਕੇ ਰੱਬ ਨੂੰ ਓਹ ਹੀ ਦੇਖ ਸਕਦੇ ਹਨ ਜੋ ਆਪਣੇ ਅੰਦਰ ਵਲ ਝਾਤ ਮਾਰਨ, ਆਪਣੇ ਹਿਰਦੇ-ਅਕਾਸ਼ ਵਿਚ ਉਸ ਦੀ ਆਵਾਜ਼ ਦੀ ਗੂੰਜ ਸੁਣਨ, ਜਿਸ ਨੂੰ ਜ਼ਮੀਰ (Conscience) ਆਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖਿਆ :—

ਕਿ ਰੌਸ਼ਨ ਜ਼ਮੀਰ ਅਸਤ ਹੁਸਨਲ ਜਮਾਲ ॥
ਖ਼ੁਦਾਵੰਦਿ ਬਖ਼ਸ਼ਿੰਦਹ-ਏ ਮੁਲਕੁ ਮਾਲ ॥੯੨॥
[ਜ਼ਫ਼ਰਨਾਮਾ

ਇਸ ਦਾ ਭਾਵ ਇਹ ਸੀ :— ਐ ਔਰੰਗਜ਼ੇਬ, ਤੇਰੇ ਅੰਦਰ ਭੀ ਜ਼ਮੀਰ ਦੀ ਰੌਸ਼ਨੀ ਹੈ, ਤੂੰ ਏਸ ਚਾਨਣੇ ਵਿਚ ਆਪਣੇ ਅਸਲੀ ਹੁਸਨ ਨੂੰ ਤੱਕ ॥ ਤੂੰ ਨਿਰਾ ਮੁਲਕ ਅਤੇ ਮਾਲ ਦੇ ਖ਼ਜ਼ਾਨਿਆਂ ਦਾ ਮਾਲਕ ਨਹੀਂ, ਜਿਨ੍ਹਾਂ ਦੀ ਰਾਖੀ ਲਈ ਤੂੰ ਜ਼ਾਲਮ ਹੋ ਗਿਆ ਹੈਂ, ਤੂੰ ਜੇ ਰੌਸ਼ਨ ਜ਼ਮੀਰ ਹੋ ਕੇ ਆਪਣੇ ਅੰਦਰ ਤੱਕੇਂ ਤਦ ਤੈਨੂੰ ਆਪਣਾ ਬਖਸ਼ਿੰਦ ਰੂਪ ਨਜ਼ਰ ਆ ਜਾਏਗਾ।'

''ਇਸ ਖ਼ਤ ਨੂੰ ਪੜ੍ਹ ਕੇ ਔਰੰਗਜ਼ੇਬ ਦਾ ਧਿਆਨ ਚਾਹੇ ਅੰਦਰ ਵਲ ਰੁਖ਼ ਕਰ ਗਿਆ ਸੀ, ਮਗਰ ਅੰਦਰਲਾ ਚੰਗੀ ਤਰ੍ਹਾਂ ਫੋਲਣ ਦੀ ਤਾਬ ਉਸ ਵਿਚ ਨਹੀਂ ਸੀ। ਪਰ ਏਸ ਕਸ਼ਮਕਸ਼ ਵਿਚ ਜ਼ਮੀਰ ਦੀ ਮੱਧਮ ਰੌਸ਼ਨੀ ਬਾਹਰ ਵਲ ਰੁਖ਼ ਕਰ ਰਹੀ ਸੀ। ਉਸ ਨੂੰ ਆਪਣਾ ਬਾਹਰਲਾ ਕਾਲਾਪਨ ਇਕ ਡਰਾਉਣੀ ਨੰਗੇਜ ਵਿਚ ਦਿਸਣ ਲਗ ਪਿਆ। ਉਸ ਨੇ ਘਬਰਾ ਕੇ ਆਪਣੇ ਮੁਨਸ਼ੀ ਨੂੰ ਆਵਾਜ਼ ਦਿਤੀ ਤੇ ਇਕ ਰੁੱਕਾ ਆਪਣੇ ਪੁਤਰ ਕਾਮ ਬਖ਼ਸ਼ ਵਲ ਲਿਖਵਾਇਆ। ਇਬਾਰਤ ਇਹ ਸੀ :—

''ਮੇਰੇ ਫਰਜ਼ੰਦ ! ਮੇਰੇ ਜਿਗਰ ਬੰਦ... ...

ਅਬ ਜਬ ਕਿ ਮੈਂ ਸਭ ਸੇ ਜੁਦਾ ਹੋ ਰਹਾ ਹੂੰ, ਤੁਮਹਾਰੀ ਬੇ-ਸਰੋ ਸਾਮਾਨੀ ਪਰ ਰਹਿਮ ਆਤਾ ਹੈ, ਮਗਰ ਇਸ ਸੇ ਕਿਆ ਫ਼ਾਇਦਾ ! ਭਲਾ ਯਾ ਬੁਰਾ ਜੋ ਕੁਛ ਬੀ ਕੀਆ ਆਪਨੇ ਸਾਥ ਲੀਏ ਜਾ ਰਹਾ ਹੂੰ। ਅਜਬ ਕ੍ਰਿਸ਼ਮਾ ਹੈ ਕਿ ਤਨਹਾ ਆਇਆ ਥਾ ਔਰ ਅਬ ਐਮਾਲ ਕਾਫ਼ਲੇ* ਕੇ ਸਾਥ ਜਾ ਰਹਾ ਹੂੰ......

ਸਿਵਾਇ ਖ਼ੁਦਾਏ ਲਾਜ਼ਵਾਲ ਕੇ ਔਰ ਕੋਈ ਨਜ਼ਰ ਨਹੀ ਆਤਾ।

ਲਸ਼ਕਰ ਔਰ ਸਿਪਾਹ ਕੀ ਫ਼ਿਕਰ ਔਰ ਆਖ਼ਰਤ ਕੇ ਅਜ਼ਾਬ ਕਾ ਖ਼ਿਆਲ ਮਲਾਲੇ ਖ਼ਾਤਰ† ਕਾ ਬਾਇਸ ਹੋਤਾ ਹੈ। ਮੁਝੇ ਅਪਨਾ ਪਤਾ ਨਹੀਂ। ਗੁਨਾਹ ਬਹੁਤ ਕੀਏ ਹੈਂ, ਮਾਲੂਮ ਨਹੀਂ ਕਿਸ ਸਜ਼ਾ ਮੇਂ ਗ੍ਰਿਫ਼ਤਾਰ ਹੂੰਗਾ...''‡

ਔਰੰਗਜ਼ੇਬ ਦੇ ਇਸ ਆਖ਼ਰੀ ਖ਼ਤ ਨੂੰ ''ਸ਼ਿਕੱਸਤਨਾਮਾ'' ਕਹਿਣਾ ਉਚਿਤ ਹੋਏਗਾ। ਵੇਖ. ਕੇ ਅਣਡਿਠ ਕਰਨ ਦੇ ਨਾਲ ਜੋ ਆਤਮਿਕ ਬਲ ਪੈਦਾ ਹੁੰਦਾ ਹੈ ਉਸ ਅਗੇ ਕਿਬਰ ਹੰਕਾਰ ਦੇ 'ਪ੍ਰਤੀਕ' ਔਰੰਗਜ਼ੇਬ ਵਰਗੇ ਵੀ ਢਹਿ-ਢੇਰੀ ਹੋ ਜਾਂਦੇ ਹਨ।

'ਸੰਤ ਰਤਨ ਮਾਲ' ਦੇ ਵਿਚ ਸੇਵਾ ਪੰਥੀਆਂ ਦੀ ਘਾਲ ਕਮਾਈ ਦਾ ਜ਼ਿਕਰ ਮਿਲਦਾ ਹੈ। ਭਾਈ ਧਰਮ ਦਾਸ ਜੀ ਇਕ ਦਿਨ 'ਸੁਖਮਨੀ ਸਾਹਿਬ' ਦੀਆਂ ਇਹ ਤੁਕਾਂ 'ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ ਮਨ ਸਰਨੀ ਪਰੁ ਠਾਕੁਰ ਪ੍ਰਭ ਤਾ ਕੈ'' ਪੜ੍ਹਦੇ ਹੋਏ ਉਚੀ ਉਚੀ ਹੌਕੇ ਲੈ ਕੇ ਰੋਣ ਲਗ ਪਏ। ਜਦੋਂ ਉਨ੍ਹਾਂ ਤੋਂ ਇਨ੍ਹਾਂ ਤੁਕਾਂ ਦੇ ਰਹੱਸ ਬਾਰੇ ਪੁਛਿਆ ਗਿਆ ਤਾਂ ਕਹਿਣ ਲਗੇ, ''ਵਾਹਿਗੁਰੂ ਜਹਿਆ ਪਰਦੇ ਕਜਨਹਾਰ ਹੋਰ ਕੋਈ ਨਹੀਂ ਓਹ ਸਾਡੇ ਅਨਗਿਣਤ ਔਗੁਣ ਦੇਖ ਕੇ ਪੜਦਾ

---

* ਕੀਤੇ ਕਰਮਾਂ ਦੇ ਟੋਲੇ ਨਾਲ।

† ਮੌਤ ਦੇ ਦਖ ਦਾ ਖਿਆਲ ਦਿਲ ਨੂੰ ਸ਼ੋਕਾਤੁਰ ਕਰ ਰਿਹਾ ਹੈ।

‡ ਵਾਕਾਇ ਆਲਮਗੀਰ, ਉਰਦੂ ਸਫ਼ਾ ੭੧-੭੨ (ਹਵਾਲਾ ਦਿਤਾ), ਡਾ: ਬਲਬੀਰ ਸਿੰਘ ਜੀ ਰਚਿਤ 'ਕਲਮ ਦੀ ਕਰਾਮਾਤ', ਪੰਨਾ ੧੮-੧੯

[ਬਾਕੀ ਦੇਖੋ ਸਫ਼ਾ ੨੪ ਦੇ ਹੇਠ]



www.AKJ.Org

# ਮਤ ਭੂਲਹਿ ਰੇ ਮਨ ਚੇਤਿ ਹਰੀ

[ਵਲੋਂ—ਪ੍ਰ: ਹਰਬੰਸ ਸਿੰਘ ਜੀ, ਇੰਜੀਨੀਅਰਿੰਗ ਕਾਲਜ, ਲੁਧਿਆਣਾ]

ਸਤਵੰਤ ਕੌਰ ਮੰਜੇ ਤੇ ਬੈਠੀ ਸਵੈਟਰ ਬੁਣ ਰਹੀ ਸੀ। ਉਸ ਦਾ ਹੱਥ ਕਾਰ (ਕਿਰਤ) ਵਲ ਅਤੇ ਦਿਲ ਕਰਤਾਰ ਵਲ ਸੀ। ਹੱਥਾਂ ਨਾਲ ਉਹ ਸਲਾਈਆਂ ਚਲਾ ਰਹੀ ਸੀ ਅਤੇ ਹਿਰਦੇ ਵਿਚ ਪ੍ਰਭੂ ਪ੍ਰੀਤਮ ਨੂੰ ਵਸਾਈ, ਸਿਮਰਨ ਕਰ ਰਹੀ ਸੀ। ਕੁਝ ਦੇਰ ਬਾਅਦ ਬੂਹਾ ਖੜਕਣ ਦੀ ਆਵਾਜ਼ ਆਈ। ਜਦ ਸਤਵੰਤ ਕੌਰ ਨੇ ਬੂਹੇ ਵਲ ਝਾਤ ਮਾਰੀ ਤਾਂ ਕੁਲਵੰਤ ਕੌਰ ਹੱਥ ਸਵੈਟਰ ਫੜੀ ਅੰਦਰ ਆ ਰਹੀ ਸੀ। ਫਤਹ ਬੁਲਾ ਕੇ ਇਉਂ ਬੋਲੀ :—

ਕੁਲਵੰਤ ਕੌਰ–ਅੱਜ ਇਕੱਲੇ ਬੈਠੇ ਓ। ਸਤਨਾਮ ਸਿੰਘ ਕਿੱਧਰ ਗਿਆ ?

ਸਤਵੰਤ ਕੌਰ–ਹੁਣੇ ਹੀ ਬਾਹਰ ਖੇਡਣ ਗਿਐ।

ਇਉਂ ਸਵੈਟਰਾਂ ਦੀਆਂ ਬੁਣਤੀਆਂ ਦੀਆਂ ਗੱਲਾਂ ਕਰਦੀਆਂ ਦੋਵੇਂ ਬੈਠ ਗਈਆਂ। ਫਿਰ ਕੁਲਵੰਤ ਕੌਰ ਨੇ ਇਉਂ ਦਸਣਾ ਸ਼ੁਰੂ ਕੀਤਾ :—

ਕੁਲਵੰਤ ਕੌਰ—ਭੈਣ ਜੀ ! ਅਸੀਂ ਤੇ ਸਾਰੇ ਡਰ ਈ ਗਏ । ਬਿੱਟੂ ਰੋਣ ਲਗ ਪਿਆ। ਮੈਂ ਇਨ੍ਹਾਂ (ਆਪਣੇ ਪਤੀ) ਨੂੰ ਲੱਭਣ ਲਗ ਪਈ। ਮੈਂ ਸੋਚਿਆ ਕਿ ਬੱਸ ਹੁਣ ਨੰਗੀਆਂ ਕਿਰਪਾਨਾਂ ਚਮਕਣ ਲੱਗ ਪਈਆਂ ਹਨ, ਲੜਾਈ ਹੋਈ ਕਿ ਹੋਈ। ਕੀਰਤਨ ਹੋਣਾ ਬੰਦ ਹੋ ਗਿਆ ਅਤੇ ਸਾਰੇ ਲੋਕੀਂ ਉਠ ਖਲੋਤੇ। ਸੰਗਤ ਵਿਚ ਹਿਲਜੁਲ ਸ਼ੁਰੂ ਹੋ ਗਈ ਅਤੇ ਸਾਰੇ ਲੋਕੀਂ ਬੂਹੇ ਵਲ ਨੂੰ ਦੇਖਣ ਲੱਗ ਪਏ।

ਸਤਵੰਤ ਕੌਰ—ਇਸ ਤੋਂ ਇਹ ਪਤਾ ਲਗਦਾ ਹੈ ਕਿ ਤੁਸੀਂ ਇਹ ਨਜ਼ਾਰਾ ਪਹਿਲੀ ਵਾਰ ਹੀ ਦੇਖਿਐ।

ਕੁਲਵੰਤ ਕੌਰ–ਹਾਂ ਭੈਣ ਜੀ !... .. ਮੈਂ ਤੇ ਰੋਂਦੇ ਹੋਏ ਬਿੱਟੂ ਨੂੰ ਧਰੂੰਦੀ ਇਕ ਨੁੱਕਰੇ ਜਾ ਖਲੋਤੀ ਅਤੇ ਗੁਰੂ ਗੁਰੂ ਕਰਦੀ ਕੂਕਣ ਲੱਗੀ, ਹੇ ਕਲਗੀਆਂ ਵਾਲੇ ! ਬਹੁੜੀ ਕਰ। ਇਸ ਭੈਜਲ (ਭਵਜਲ) ਵਿਚੋਂ ਕੱਢ। ਪਰ ਥੋਹੜੀ ਦੇਰ ਬਾਅਦ ਹੀ ਟਿਕਟਿਕਾ ਹੋ ਗਿਆ। ਅਤੇ ਮੁੜ ਕੀਰਤਨ ਹੋਣ ਲੱਗ ਪਿਆ। ਭੈਣ ਜੀਓ ! ਤੁਸੀਂ ਸੱਚ ਜਾਣਨਾ, ਟਿਕ ਟਿਕਾ ਹੋਏ ਤੇ ਮੇਰੀ ਜਾਨ ਵਿਚ ਜਾਨ ਆਈ।

ਸਤਵੰਤ ਕੌਰ—ਤੁਸੀਂ ਏਨੇ ਘਬਰਾ ਗਏ ?

ਕੁਲਵੰਤ ਕੌਰ–ਮੈਂ ਤੇ ਫਿਰ ਬਿੱਟੂ ਨੂੰ ਨਾਲ ਲੈ ਕੇ ਗੁਰਦੁਆਰਿਓਂ ਬਾਹਰ ਆ ਗਈ। ਸਰਦਾਰ

---

(ਸਫਾ ੨੩ ਦੀ ਬਾਕੀ)

ਪਾਉਂਦਾ ਹੈ, ਪਰ ਜੇ ਕੋਈ ਮਨੁੱਖ ਸਾਡਾ ਇਕ ਔਗੁਣ ਵੀ ਦੇਖ ਲਵੇ ਤਾਂ ਕੋਲ ਖੜਨ ਹੀ ਨ ਦੇਵੇ।"

( ੫ )

ਅਸੀਂ ਹਰ ਰੋਜ਼ ਅਰਦਾਸ ਕਰਨ ਵੇਲੇ "ਤਿਨ੍ਹਾਂ ਪਿਆਰਿਆਂ ਸਚਿਆਰਿਆਂ ਦੀ ਕਮਾਈ" ਦਾ ਧਿਆਨ ਧਰਦੇ ਹਾਂ "ਜਿਨ੍ਹਾਂ ਦੇਖ ਕੇ ਅਣਡਿੱਠ ਕੀਤਾ" ਤਾਂਕਿ ਸਾਨੂੰ ਆਪਣੇ ਜੀਵਨ ਨੂੰ ਸੁਧਾਰਨ ਲਈ ਨਵੀਂ ਪ੍ਰੇਰਨਾ ਤੇ ਉਤਸ਼ਾਹ ਮਿਲਦਾ ਰਹੇ। ਅਜ ਦੀ ਸਭ ਤੋਂ ਵਡੀ ਲੋੜ ਇਸ ਸੇਧ ਵਲ ਧਾਈ ਕਰ ਕੇ ਵਧਣ ਦੀ ਹੈ, ਤਾਂਕਿ ਕੌਮ ਦੀ ਸ਼ਕਤੀ ਮਜ਼ਬੂਤ ਹੋਵੇ । ਦੂਜੇ ਭੈਣ-ਭਾਈਆਂ ਦੀ ਕਾਣ ਨੂੰ ਵੇਖ ਕੇ ਅਣਡਿੱਠ ਕਰਨਾ ਤੇ ਗ਼ਰੀਬ-ਨਿਵਾਜ਼ੀ ਖ਼ਾਲਸੇ ਦਾ ਸ਼ਾਹੀ ਬਿਰਦ ਹੈ। ਸਿਖੀ ਦੇ ਇਸ ਆਦਰਸ਼ ਨੂੰ ਅਪਣਾ ਕੇ ਹੀ ਵਿਸ਼ਵ-ਭਾਈਚਾਰੇ ਦੀ ਸਿਰਜਣਾ ਸੰਭਵ ਹੋ ਸਕਦੀ ਹੈ ਅਤੇ ਉਸ ਸਿਖ਼ਰ ਤੇ ਪੁਜਿਆ ਜਾ ਸਕਦਾ ਹੈ ਜਿਸ ਦੇ ਲਈ ਖ਼ਾਲਸਾ ਬਚਨ-ਬੱਧ ਹੈ। ਉਹ ਸਿਖ਼ਰ ਇਹ ਹੈ :—

"ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬਤ ਦਾ ਭਲਾ ॥"



www.AKJ.Org

ਜੀ ਵੀ ਸਾਨੂੰ ਬਾਹਰ ਜਾਂਦਿਆਂ ਦੇਖ ਕੇ ਸਾਡੇ ਮਗਰ ਆ ਗਏ। ਬਿੱਟੂ ਕਹਿਣ ਲੱਗਾ, "ਚਲੋ ਘਰ ! ਅਸੀਂ ਨੀ ਇੱਥੇ ਰਹਿਣਾ।"

ਸਤਵੰਤ ਕੌਰ—ਕੀ ਫਿਰ ਤੁਸੀਂ ਘਰ ਪਰਤ ਆਏ ?

ਕੁਲਵੰਤ ਕੌਰ—ਨਹੀਂ। ਸਰਦਾਰ ਜੀ ਕਹਿਣ ਲੱਗੇ, ਘਬਰਾਉਣ ਦੀ ਕੋਈ ਗੱਲ ਨਹੀਂ। ਪੰਜ ਪਿਆਰੇ ਅੰਮ੍ਰਿਤ ਛਕਾ ਕੇ ਨਵੇਂ ਸਜੇ ਸਿੰਘ ਸਿੰਘ-ਣੀਆਂ ਨੂੰ ਸੰਗਤ ਵਿਚ ਲਿਆਏ ਸਨ।

ਸਤਵੰਤ ਕੌਰ—ਜਦੋਂ ਕੀਰਤਨ ਦੇ ਹੁੰਦਿਆਂ ਹੋਇਆਂ ਸੰਗਤ ਉਠ ਕੇ ਖਲੋ ਗਈ, ਕੀ ਤੁਹਾਡੇ ਕੰਨੀਂ ਗੁਰਬਾਣੀ ਦੀਆਂ ਇਹ ਤੁਕਾਂ ਨਹੀਂ ਪਈਆਂ ?

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ,
ਸੁ ਅੰਮ੍ਰਿਤੁ ਗੁਰ ਤੇ ਪਾਇਆ ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ,
ਸਚਾ ਮਨਿ ਵਸਾਇਆ ॥

ਕੁਲਵੰਤ ਕੌਰ—ਭੈਣ ਜੀ! ਜਦੋਂ ਕੀਰਤਨ ਸੁਣਦੇ ਸੁਣਦੇ ਲੋਕੀਂ ਇਕ-ਦੰਮ ਉਠ ਖਲੋਤੇ ਅਤੇ ਸਾਰੇ ਬੂਹੇ ਵਲ ਨੂੰ ਦੇਖਣ ਲੱਗ ਪਏ, ਮੇਰਾ ਤੇ ਲਿਸ਼ਕਦੀਆਂ ਕਿਰਪਾਨਾਂ ਦੇਖ ਕੇ ਤ੍ਰਾਹ ਨਿਕਲ ਗਿਆ। ਬਿੱਟੂ ਰੋਣ ਲੱਗ ਪਿਆ। ਬਿੱਟੂ ਦੀ ਹਾਲ-ਦੁਹਾਈ ਵਿਚ ਮੈਨੂੰ ਤੇ ਕੁਝ ਨੀ ਸਮਝ ਆਇਆ।

ਸਤਵੰਤ ਕੌਰ—ਪਰ ਹੁਣ ਤੇ ਪਤਾ ਲਗ ਗਿਆ ਹੈ ਕਿ ਅੰਮ੍ਰਿਤ ਛਕਣ ਉਪਰੰਤ ਗੁਰੂ ਘਰ ਨਵ-ਜਨਮੇਂ ਬੱਚੇ (ਸਿੰਘ ਸਿੰਘਣੀਆਂ) ਸੰਗਤ ਨਾਲ ਰਲਾਏ ਜਾਣ ਦਾ ਇਹ ਕੌਤਕ ਸੀ।

ਕੁਲਵੰਤ ਕੌਰ—ਕੌਤਕ ਜਿਹਾ ਕੌਤਕ ! ਅਸੀਂ ਤੇ ਦੇਖ ਕੇ ਚਕ੍ਰਿਤ ਰਹਿ ਗਏ।

ਸਤਵੰਤ ਕੌਰ—ਸਿੰਘਾਂ ਦਾ ਪੰਥ ਨਿਰਾਲਾ ਹੈ। ਕਲਗੀਆਂ ਵਾਲੇ ਦੇ ਨਿਰਾਲੇ ਪੰਥ ਦੇ ਨਿਰਾਲੇ ਹੀ ਕੌਤਕ ਹਨ।

ਕੁਲਵੰਤ ਕੌਰ—ਭੈਣ ਜੀ ! ਇਕ ਅਚੰਭੇ ਵਾਲੀ ਗੱਲ ਅਸੀਂ ਹੋਰ ਦੇਖੀ।

ਸਤਵੰਤ ਕੌਰ—ਉਹ ਕਿਹੜੀ ?

ਕੁਲਵੰਤ ਕੌਰ—ਇਕ ਸਿੰਘ ਦਾ ਮੂੰਹ ਕਾਲਾ ਕੀਤਾ ਹੋਇਆ ਸੀ ਅਤੇ ਉਸ ਦੇ ਹੱਥ ਪਿੱਠ ਪਿੱਛੇ ਬੱਧੇ ਹੋਏ ਸਨ। ਮੂਹਰੇ ਮੂਹਰੇ ਉਹ ਸੀ ਅਤੇ ਉਸ ਦੇ ਪਿੱਛੇ ਪਿੱਛੇ ਹੱਥ ਵਿਚ ਨੰਗੀ ਕਿਰਪਾਨ ਚੁੱਕੀ ਇਕ ਨਿਹੰਗ ਸਿੰਘ।

ਸਤਵੰਤ ਕੌਰ—ਫੇਰ ਕੀ ਹੋਇਆ ?

ਕੁਲਵੰਤ ਕੌਰ—ਕਾਲੇ ਮੂੰਹ ਵਾਲਾ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਖਲੋ ਗਿਆ। ਫਿਰ ਉਸ ਨੇ ਸੱਜੇ ਖੱਬੇ ਮੂੰਹ ਫੇਰਿਆ ਅਤੇ ਬਾਦ ਵਿਚ ਮੱਥਾ ਟੇਕ ਕੇ ਵਾਪਸ ਚਲਾ ਗਿਆ। ਨੰਗੀ ਕਿਰਪਾਨ ਵਾਲਾ ਨਿਹੰਗ ਸਿੰਘ ਵੀ ਉਸ ਦੇ ਮਗਰ ਮਗਰ।

ਸਤਵੰਤ ਕੌਰ—ਜਿਹੜੇ ਬੰਦੇ ਅੰਮ੍ਰਿਤ ਛਕ ਕੇ ਕੋਈ ਕੁਰਹਿਤ ਕਰ ਬੈਠਦੇ ਹਨ ਉਨ੍ਹਾਂ ਨੂੰ ਗੁਰੂ-ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਆਪਣੀ ਭੁੱਲ ਬਖਸ਼ਵਾਣੀ ਪੈਂਦੀ ਹੈ। ਬੱਜਰ ਕੁਰਹਿਤ ਕਰਨ ਵਾਲਿਆਂ ਨੂੰ ਕਰੜੀ ਸਜ਼ਾ ਮਿਲਦੀ ਹੈ। ਸਜ਼ਾ ਭੁਗਤਣ ਤੋਂ ਬਾਦ ਉਨ੍ਹਾਂ ਨੂੰ ਦੁਬਾਰਾ ਅੰਮ੍ਰਿਤ ਛਕਾਇਆ ਜਾਂਦਾ ਹੈ। ਜਿਸ ਸਿੰਘ ਦਾ ਮੂੰਹ ਕਾਲਾ ਕੀਤਾ ਹੋਇਆ ਸੀ ਉਸ ਨੇ ਜ਼ਰੂਰ ਕੋਈ ਬੱਜਰ ਕੁਰਹਿਤ ਕੀਤੀ ਹੋਈ ਹੋਵੇਗੀ।

ਕੁਲਵੰਤ ਕੌਰ—ਭੈਣ ਜੀ ! ਬੱਜਰ ਕੁਰਹਿਤਾਂ ਕਿਹੜੀਆਂ ਹਨ ?

ਸਤਵੰਤ ਕੌਰ—ਰਹਿਤਨਾਮੇ ਅਨੁਸਾਰ ਬੱਜਰ ਕੁਰਹਿਤਾਂ ਚਾਰ ਹਨ—੧. ਕੇਸ ਕਤਲ ਕਰਨੇ (ਸਰੀਰ ਦੇ ਕਿਸੇ ਵੀ ਅੰਗ ਤੋਂ ਵਾਲ ਉਤਾਰਨੇ)।

੨. ਤੰਬਾਕੂ ਪੀਣਾ (ਨਸ਼ਿਆਂ ਦੀ ਵਰਤੋਂ)।

੩. ਪਰ-ਇਸਤ੍ਰੀ ਪਰ-ਪੁਰਸ਼ ਦਾ ਸੰਗ।

੪. ਕੁੱਠਾ (ਮਾਸ) ਖਾਣਾ।

ਕੁਲਵੰਤ ਕੌਰ—ਜੇ ਕੋਈ ਕੁਰਹਿਤ ਕਰਕੇ ਪੰਜਾਂ ਪਿਆਰਿਆਂ ਦੇ ਪੇਸ਼ ਨਾ ਹੋਵੇ ?

ਸਤਵੰਤ ਕੌਰ—ਅਜਿਹਾ ਮਨੁੱਖ ਦੂਜੇ ਸਿੰਘਾਂ ਦੀਆਂ ਨਜ਼ਰਾਂ ਵਿਚੋਂ ਗਿਰ ਜਾਂਦਾ ਹੈ ਅਤੇ ਉਹ ਉਸ ਨਾਲ ਮਿਲਣਾ ਵਰਤਣਾ ਬੰਦ ਕਰ ਦਿੰਦੇ ਹਨ। ਕੁਰਹਿਤੀਆ ਹੋ ਜਾਣ ਨਾਲ ਮਨੁੱਖ ਦਾ



www.AKJ.Org

ਆਤਮਾ ਤੇ ਵੀ ਅਸਰ ਪੈਂਦਾ ਹੈ। ਉਸ ਦੀ ਆਤਮਾ ਤੇ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਦੇ ਮਾਰੂ ਹੱਲੇ ਹੋਣ ਲੱਗ ਪੈਂਦੇ ਹਨ, ਜਿਸ ਕਾਰਨ ਉਸ ਦੇ ਅੰਦਰ ਵਸਿਆ ਅੰਮ੍ਰਿਤ ਨਾਮ ਵਿਸਰਨ ਲੱਗ ਪੈਂਦਾ ਹੈ ਅਤੇ ਉਸ ਦੀ ਆਤਮਾ ਮਲੀਨ ਹੋਣ ਲੱਗ ਜਾਂਦੀ ਹੈ। ਅੰਮ੍ਰਿਤ ਛਕ ਕੇ ਮਨੁੱਖ ਨਿਰਭਉ ਅਤੇ ਨਿਰਵੈਰ ਹੋ ਜਾਂਦਾ ਹੈ ਪਰ ਕੁਰਹਿਤਾਂ ਕਾਰਨ ਡਰਪੋਕ ਅਤੇ ਵੈਰ-ਵਿਰੋਧ ਦੇ ਵਹੇ ਚੜ੍ਹ ਜਾਂਦਾ ਹੈ.. ਕੁਰਹਿਤੀਏ ਦੇ ਅੰਦਰੋਂ ਸ਼ੇਰਾਂ ਬਹਾਦਰਾਂ) ਵਾਲੀ ਭਵਕ ਜਾਂਦੀ ਰਹਿੰਦੀ ਹੈ ਅਤੇ ਸਵਾ ਲਾਖ ਨਾਲ ਲੜਨ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਮਨੁੱਖ ਪੰਜਾਂ ਚੋਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵੱਸ ਪੈ ਕੇ ਕਾਮੀ, ਕਪਟੀ, ਲੋਭੀ ਅਤੇ ਹੰਕਾਰੀ ਬਣ ਜਾਂਦਾ ਹੈ। ਅਜਿਹੇ ਮਨੁਖ ਦੇ ਹਿਰਦੇ ਵਿਚ ਫਿਰ ਨਾਮ ਨਹੀਂ ਰਹਿੰਦਾ, ਕੌੜੇ ਅਤੇ ਕੁਰੱਖਤ ਬਚਨ ਹੀ ਮੂੰਹੋਂ ਨਿਕਲਦੇ ਹਨ। ਗੁਰੂ ਸਾਹਿਬ ਕਹਿੰਦੇ ਹਨ—

'ਬਿਨੁ ਨਾਵੈ ਜੀਵਨ ਬਿਰਥਾ''। ਜੇ ਹਿਰਦੇ ਵਿਚ ਨਾਮ ਹੀ ਨਾ ਰਹਿਆ ਤਾ ਜੀਉਣ ਦਾ ਕੀ ਹੱਜ ?

ਸਤਿਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ—

''ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥''(ਜੈਤਸਰੀ ਮ: ੪, ਪੰਨਾ ੬੯੭)

ਕੁਲਵੰਤ ਕੌਰ— ਭੈਣ ਜੀ ! ਇਨ੍ਹਾਂ ਤੁਕਾਂ ਦੇ ਅਰਥ ਜ਼ਰਾ ਖੋਲ੍ਹ ਕੇ ਸਮਝਾਓ।

ਸਤਵੰਤ ਕੌਰ—ਸਤਿਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਨਹੀਂ ਵਸਿਆ, ਅਥਵਾ ਜਿਹੜੇ ਮਨੁੱਖ ਅੰਮ੍ਰਿਤ-ਨਾਮ ਤੋਂ ਸੱਖਣੇ ਹਨ, ਪ੍ਰਮਾਤਮਾ ਉਨ੍ਹਾਂ ਦੀਆਂ ਮਾਤਾਵਾਂ ਨੂੰ ਬਾਂਝ ਬਣਾ ਦੇਵੇ, ਤਾਂ ਜੁ ਉਹ ਮਨਮੁਖਾਂ ਅਤੇ ਨਿਗੁਰਿਆਂ ਨੂੰ ਜਨਮ ਹੀ ਨਾ ਦੇ ਸਕਣ, ਕਿਉਂਕਿ ''ਨਿਗੁਰੇ ਕਾ ਹੈ ਨਾਉ ਬੁਰਾ।'' ਜਿਨ੍ਹਾਂ ਮਨੁੱਖਾਂ ਨੇ ਅੰਮ੍ਰਿਤ ਨਹੀਂ ਛਕਿਆ ਅਤੇ ਨਾਮ ਦ੍ਰਿੜ੍ਹ ਨਹੀਂ ਕਰਵਾਇਆ ਉਹ ਨਾਮ-ਹੀਣ ਨਕ ਵਢਿਆਂ ਵਾਂਗ ਬੇ-ਤਾਲ (ਬੇ-ਸੁਰ) ਊਲ-ਜਲੂਲ ਬੋਲਦੇ ਖਪਦੇ-ਕਰੁੱਝਦੇ ਭੌਂਦੇ ਫਿਰਦੇ ਹਨ, ਨਾਮ ਤੋਂ ਬਿਨਾਂ ਦੇਹੀ ਸੁੰਞੀ ਹੈ। ਬਿਨ ਵਾਸ਼ਨਾ ਫੂਲ ਕਿਸ ਅਰਥ ?

ਕੁਲਵੰਤ ਕੌਰ—ਇਸ ਦਾ ਅਰਥ ਤੇ ਇਹ ਹੋਇਆ ਕਿ ਨਾਮ ਤੋਂ ਬਿਨਾ ਜੀਵਨ ਨਿਕੰਮਾ ਹੈ।

ਸਤਵੰਤ ਕੌਰ -ਕਿਉਂ ਨਹੀਂ ? ਸਤਿਗੁਰੂ ਜੀ ਇਹੋ ਤੇ ਬਾਰ ਬਾਰ ਚਿਤਾਵਨੀ ਦਿੰਦੇ ਹਨ—

''ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ,
ਬਿਖਿਆ ਸਿਉ ਉਰਝਾਇਓ ॥''

ਕੁਲਵੰਤ ਕੌਰ—ਭੈਣ ਜੀ ! ਗੱਲ ਤੇ ਬਿਲਕੁਲ ਠੀਕ ਹੈ। ਬੰਦਾ ਰੱਬ ਨੂੰ ਭੁੱਲ ਕੇ ਦੁਨੀਆ ਦੇ ਧੰਦਿਆਂ ਅਤੇ ਰਸਾਂ ਕਸਾਂ ਵਿੱਚ ਫਸ ਜਾਂਦਾ ਹੈ।

ਸਤਵੰਤ ਕੌਰ—ਜ਼ਰਾ ਧਿਆਨ ਨਾਲ ਸੁਣੋ, ਸਤਿਗੁਰੂ ਨੇ ਕਿਹਾ ਸੋਹਣਾ ਅਤੇ ਸੋਝੀ ਦੇਣ ਵਾਲਾ ਸ਼ਬਦ ਉਚਾਰਨ ਕੀਤਾ ਹੈ—

''ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥ ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ, ਬਿਖਿਆ ਸਿਉ ਉਰਝਾਇਓ ॥੧॥ ਰਹਾਉ। ਰਤਨ ਜਵੇਹਰ ਬਨਜਨਿ ਆਇਓ, ਕਾਲਰੁ ਲਾਦਿ ਚਲਾਇਓ ॥੨॥ ਜਿਹ ਘਰ ਮਹਿ ਤੁਧੁ ਰਹਨਾ ਬਸਨਾ, ਸੋ ਘਰੁ ਚੀਤਿ ਨ ਆਇਓ ॥੩॥ ਅਟਲ ਅਖੰਡ ਪ੍ਰਾਣ ਸੁਖਦਾਈ, ਇਕ ਨਿਮਖ ਨਹੀ ਤੁਝੁ ਗਾਇਓ ॥੪॥ ਜਹਾ ਜਾਣਾ ਸੋ ਥਾਨੁ ਵਿਸਾਰਿਓ, ਇਕ ਨਿਮਖ ਨਹੀ ਮਨੁ ਲਾਇਓ ॥੫॥ ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ, ਇਸ ਹੀ ਮਹਿ ਉਰਝਾਇਓ ॥੬॥ ਜਿਤੁ ਕੋ ਲਾਇਓ ਤਿਤ ਹੀ ਲਾਗਾ, ਤੈਸੇ ਕਰਮ ਕਮਾਇਓ ॥੭॥ ਜਉ ਭਇਓ ਕ੍ਰਿਪਾਲੁ ਤਾ ਸਾਧ ਸੰਗੁ ਪਾਇਆ,


www.AKJ.Org

ਜਨ ਨਾਨਕ ਬ੍ਰਹਮੁ ਧਿਆਇਓ ॥੮॥
(ਮਾਰੂ ਮ: ੫, ਪੰਨਾ ੧੦੧੭)

ਕੁਲਵੰਤ ਕੌਰ–ਸਤਿਗੁਰੂ ਦਾ ਸ਼ਬਦ ਤੇ ਡਾਢਾ ਸੋਹਣਾ ਹੈ। ਕਿਰਪਾ ਕਰ ਕੇ ਇਸ ਦੇ ਅਰਥ ਭੀ ਸਮਝਾ ਦਿਓ।

ਸਤਵੰਤ ਕੌਰ–ਲਓ ਸੁਣੋ–

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਚੌਰਾਸੀ ਲੱਖ ਜੂਨਾਂ ਵਿਚ ਭੌਂਦੇ ਫਿਰਦੇ ਨੂੰ ਹੁਣ ਦੁਰਲੱਭ ਮਨੁਖਾ ਜਨਮ ਮਿਲਿਆ ਹੈ। ਹੇ ਮੂਰਖ! ਤੂੰ ਹੋਛੇ ਰਸਾਂ ਵਿਚ ਲਪਟ ਰਿਹਾ ਹੈਂ। ਤੇਰੇ ਅੰਦਰ ਅੰਮ੍ਰਿਤ ਰੂਪੀ ਵਾਹਿਗੁਰੂ ਵਸ ਰਿਹਾ ਹੈ, ਪਰ ਤੂੰ ਵਿਸ਼ੇ ਵਿਕਾਰਾਂ ਵਿਚ ਫਸਿਆ ਹੋਇਆ ਹੈਂ। ਤੂੰ ਤਾ ਹੀਰੇ ਲਾਲਾਂ ਦਾ ਵਪਾਰ ਕਰਨ ਆਇਆ ਸੀ, ਪਰ ਕੱਲਰ ਮਿੱਟੀ ਲੱਦ ਚਲਿਆ ਹੈਂ। ਜਿਸ ਘਰ ਵਿੱਚ ਤੈਂ ਰਹਿਣਾ ਵਸਣਾ ਹੈ ਉਸ ਦਾ ਤੈਨੂੰ ਚਿਤ-ਚੇਤਾ ਹੀ ਨਹੀਂ। ਸੁੱਖਾਂ ਦੇ ਦਾਤੇ ਅਕਾਲ ਪੁਰਖ ਨੂੰ ਤੈਂ ਇਕ ਪਲ ਭੀ ਚੇਤੇ ਨਹੀਂ ਕੀਤਾ। ਜਿਸ ਪ੍ਰਲੋਕ ਨੂੰ ਤੂੰ ਜਾਣਾ ਹੈ ਉਹ ਸਥਾਨ ਤੈਂ ਵਿਸਾਰ ਦਿੱਤਾ ਹੈ ਅਤੇ ਇਕ ਪਲ ਭਰ ਭੀ ਮਨ ਨਹੀਂ ਟਿਕਾਇਆ। ਪੁੱਤਰ, ਇਸਤ੍ਰੀ ਅਤੇ ਘਰ ਦੀਆਂ ਚੀਜ਼ਾ ਵਸਤਾਂ ਦੇਖ ਕੇ ਤੂੰ ਇਨ੍ਹਾਂ ਵਿਚ ਹੀ ਗਲਤਾਨ ਹੋ ਗਿਆ ਹੈਂ। ਗੁਰੂ ਸਾਹਿਬ ਜੀ ਅੰਤ ਸਾਰ ਸਿੱਟਾ ਦਸ ਕੇ ਕਹਿੰਦੇ ਹਨ ਕਿ ਪ੍ਰਮਾਤਮਾ ਨੇ ਜਿੱਥੇ ਕਿਸੇ ਨੂੰ ਲਾਇਆ ਹੈ ਉਥੇ ਹੀ ਲੱਗਾ ਹੋਇਆ ਹੈ ਅਤੇ ਉਹੋ ਜਿਹੇ ਹੀ ਉਹ ਕਰਮ ਕਰਦਾ ਹੈ। ਜਦੋਂ ਅਕਾਲ ਪੁਰਖ ਦੀ ਕਿਰਪਾਲਤਾ ਹੁੰਦੀ ਹੈ ਤਾਂ ਸਾਧ ਸੰਗਤ ਪ੍ਰਾਪਤ ਹੁੰਦੀ ਹੈ ਅਤੇ ਮਨੁੱਖ ਸਿਮਰਨ ਦੀ ਸੱਚੀ ਕਾਰ ਵਿਚ ਜੁਟਦਾ ਹੈ।

ਕੁਲਵੰਤ ਕੌਰ–ਭੈਣ ਜੀ! ਇਸ ਸ਼ਬਦ ਤੋਂ ਸਾਨੂੰ ਫਿਰ ਕੀ ਸਿੱਖਿਆ ਮਿਲੀ?

ਸਤਵੰਤ ਕੌਰ–ਜ਼ਰਾ ਠਹਿਰੋ! ਪਹਿਲੋਂ ਤੁਹਾਨੂੰ ਇਕ ਹੋਰ ਸ਼ਬਦ ਸੁਣਾਉਂਦੀ ਹਾਂ।

(ਸਤਵੰਤ ਕੌਰ ਅੰਦਰੋਂ ਟੇਪ (Tape Recorder) ਲਿਆ ਕੇ ਹੇਠ ਲਿਖੇ ਸ਼ਬਦ ਦਾ ਕੀਰਤਨ ਸੁਣਾਉਂਦੀ ਹੈ।)

"ਸਾਚਾ ਸਾਹੁ ਗੁਰੂ ਸੁਖ ਦਾਤਾ, ਹਰਿ ਮੇਲੇ ਭੁਖ ਗਵਾਏ ॥ ਕਰਿ ਕ੍ਰਿਪਾ ਹਰਿ ਭਗਤਿ ਦ੍ਰਿੜਾਏ, ਅਨਦਿਨੁ ਹਰਿ ਗੁਣ ਗਾਏ ॥੧॥
ਮਤ ਭੂਲਹਿ ਰੇ ਮਨ ਚੇਤਿ ਹਰੀ ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ
ਗੁਰਮੁਖਿ ਪਾਈਐ ਨਾਮੁ ਹਰੀ ॥੧॥ਰਹਾਉ॥
ਬਿਨੁ ਭਗਤੀ ਨਹੀ ਸਤਿਗੁਰੁ ਪਾਈਐ,
ਬਿਨੁ ਭਾਗਾ ਨਹੀਂ ਭਗਤਿ ਹਰੀ ॥
ਬਿਨੁ ਭਾਗਾ ਸਤਸੰਗੁ ਨ ਪਾਈਐ
ਕਰਮਿ ਮਿਲੈ ਹਰਿਨਾਮੁ ਹਰੀ ॥੨॥
ਘਟਿ ਘਟਿ ਗੁਪਤੁ ਉਪਾਏ ਵੇਖੈ,
ਪਰਗਟੁ ਗੁਰਮੁਖਿ ਸੰਤ ਜਨਾ ॥
ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ
ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥
ਜਿਨ ਕਉ ਤਖਤਿ ਮਿਲੀ ਵਡਿਆਈ,
ਗੁਰਮੁਖਿ ਸੇ ਪਰਧਾਨ ਕੀਏ ॥
ਪਾਰਸੁ ਭੇਟਿ ਭਏ ਸੇ ਪਾਰਸ,
ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥
[ਬਸੰਤ ਮ: ੧, ਪੰਨਾ ੧੧੭੧-੭੨

ਕੁਲਵੰਤ ਕੌਰ ਦੇ ਸ਼ਬਦ ਦੀਆਂ ਇਹ ਤੁਕਾਂ—
"ਮਤ ਭੂਲਹਿ ਰੇ ਮਨ ਚੇਤਿ ਹਰੀ ॥
ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ,
ਗੁਰਮੁਖਿ ਪਾਈਐ ਨਾਮੁ ਹਰੀ"
ਹਿਰਦੇ ਵਿਚ ਘਾਓ ਕਰ ਗਈਆਂ। ਇਨ੍ਹਾਂ ਤੁਕਾਂ ਦੇ ਬਾਰ ਬਾਰ ਉਚਾਰਨ ਸਦਕਾ ਉਸ ਨੂੰ ਸੋਝੀ ਆ ਗਈ ਕਿ–
"ਬਿਨੁ ਭਗਤੀ ਨਹੀ ਸਤਿਗੁਰੁ ਪਾਈਐ
ਬਿਨੁ ਭਾਗਾ ਨਹੀ ਭਗਤਿ ਹਰੀ ॥'
ਬਿਨੁ ਭਾਗਾ ਸਤਸੰਗੁ ਨ ਪਾਈਐ,
ਕਰਮਿ ਮਿਲੈ ਹਰਿ ਨਾਮੁ ਹਰੀ ॥

ਸ਼ਬਦ ਦੀ ਸਮਾਪਤੀ ਤੋਂ ਉਪ੍ਰੰਤ ਸਤਵੰਤ ਕੌਰ ਨੇ ਟੇਪ ਬੰਦ ਕਰ ਦਿਤੀ। ਕੁਲਵੰਤ ਕੌਰ ਨੇ ਇਕ ਲੰਬਾ ਹਉਕਾ ਭਰਿਆ ਅਤੇ ਇਉਂ ਕਹਿਣ ਲੱਗੀ–

**ਕੁਲਵੰਤ ਕੌਰ**–ਭੈਣ ਜੀ! ਗੱਲ ਬਿਲਕੁਲ ਸੱਚੀ ਹੈ। ਅਸੀਂ ਭੁਲੇ ਫਿਰਦੇ ਹਾਂ। ਗੁਰੂ ਦੀ ਬਾਣੀ

[ਬਾਕੀ ਦੇਖੋ ਸਫ਼ਾ ੨੯ ਦੇ ਹੇਠ



www.AKJ.Org

# ਤਉ ਕਿਉ ਮੁਰਗੀ ਮਾਰੇ ?

[ਵਲੋਂ--ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਮਾਸ ਖਾਣ ਸੰਬੰਧੀ ਸਾਰੇ ਸੰਸਾਰ ਉਤੇ ਅਤੇ ਤਕਰੀਬਨ ਸਾਰੇ ਧਰਮਾਂ ਵਿਚ ਉਹਨਾਂ ਦੇ ਧਾਰਨੀ-ਮਨੁਖਾਂ ਅੰਦਰ ਪਰਸਪਰ ਮਤ ਦਾ ਵਿਖੇਵਾਂ ਹੈ, ਕੁਝ ਵਿਅਕਤੀ ਮਾਸ ਖਾਣ ਦੇ ਹੱਕ ਵਿਚ ਹਨ ਅਤੇ ਕੁਝ ਇਸ ਦੇ ਵਿਰੋਧੀ। ਆਮ ਮਨੁਖ ਮਾਸ ਦੇ ਹੱਕ ਵਿਚ ਜਾਂ ਵਿਰੋਧ ਵਿਚ ਨਿਜੀ ਮੰਤਕ ਤੋਂ ਕੰਮ ਲੈਂਦੇ ਹਨ। ਸਿਖ ਧਰਮ ਵਿਚ ਵੀ ਦਲੀਲ ਜਾਂ ਮੰਤਕ ਦੀ ਕਦਰ ਕੀਮਤ ਤਾਂ ਅਵੱਸ਼ ਹੈ, ਪਰ ਤਾਂ ਜੇਕਰ ਇਹ ਦਲੀਲ 'ਗੁਰਮਤਿ' ਉਤੇ ਅਧਾਰਤ ਹੋਵੇ। ਕਿਸੇ ਵੀ ਮਸਲੇ ਸੰਬੰਧੀ ਅਗਵਾਈ ਪ੍ਰਾਪਤ ਕਰਨ ਲਈ ਇਕੋ ਇਕ ਮੁਸਤਨਿਦ (ਭਰੋਸੇ ਜੋਗ) ਲਿਖਤ ਗੁਰਬਾਣੀ ਹੈ, ਜੋ ਗੁਰਮਤਿ ਨੂੰ ਸਹੀ ਰੂਪ ਵਿਚ ਨਿਰੂਪਨ ਕਰਦੀ ਹੈ। ਇਤਿਹਾਸ ਤੋਂ ਵੀ ਵਖ ਵਖ ਮਸਲਿਆਂ ਸੰਬੰਧੀ ਸੇਧ ਮਿਲਦੀ ਹੈ। ਖਾਲਸਾ ਰਹਿਤ ਬਹਿਤ ਸੰਬੰਧੀ ਰਹਿਤਨਾਮੇ ਵਿਸ਼ੇਸ਼ ਤੌਰ ਤੇ ਅਗਵਾਈ ਦੇ ਸੋਮੇ ਹਨ, ਪਰ ਮੁਸ਼ਕਲ ਇਹ ਹੈ ਕਿ ਉਪਲੱਬਧ ਇਤਿਹਾਸਕ ਗ੍ਰੰਥਾਂ ਅਤੇ ਰਹਿਤਨਾਮਿਆਂ ਵਿਚ ਪਰਸਪਰ ਵਿਰੋਧੀ ਮਸਲਾ ਬਹੁਤ ਹੈ। ਸੋ ਜਿਥੇ ਕਿਸੇ ਮਸਲੇ ਸਬੰਧੀ ਗੁਰਬਾਣੀ, ਇਤਿਹਾਸ ਅਤੇ ਰਹਿਤਨਾਮੇ, ਇਹਨਾਂ ਤਿੰਨਾਂ ਵਿਚ ਪਰਸਪਰ ਮਤ-ਭੇਦ ਪਰਗਟ ਹੁੰਦਾ ਹੋਵੇ ਤਾਂ ਉਥੇ ਨਿਰ-ਸੰਦੇਹ ਗੁਰਬਾਣੀ ਦਾ ਫ਼ੁਰਮਾਨ ਹੀ ਸਹੀ ਸਮਝਿਆ ਜਾ ਸਕਦਾ ਹੈ। ਮਾਸ ਖਾਣ ਦਾ ਮਸਲਾ ਇਸੇ ਦ੍ਰਿਸ਼ਟੀ-

---

(ਸਫ਼ਾ ੨੭ ਦੀ ਬਾਕੀ)

ਤਾਂ ਸਾਨੂੰ ਬਹੁਤੇਰਾ ਟੁਣਕਾਰਾਂ ਮਾਰਦੀ ਹੈ—"ਮਤ ਭੂਲਹਿ ਰੇ ਮਨ ਚੇਤਿ ਹਰੀ" ਪਰ ਸਾਨੂੰ ਮੂਰਖਾਂ ਨੂੰ ਹੀ ਸਮਝ ਨਹੀਂ ਆਉਂਦੀ।

ਸਤਵੰਤ ਕੌਰ—ਅਕਾਲ ਪੁਰਖ ਦੀ ਮਿਹਰ ਹੁੰਦੀ ਹੈ ਤਾਂ ਸਾਧ ਸੰਗਤ ਵਿਚ ਜਾਣ ਦਾ ਮੌਕਾ ਮਿਲਦਾ ਹੈ। ਉਸ ਦੀ ਹੀ ਕਿਰਪਾ ਦਾ ਸਦਕਾ ਸੁਰਤੀ ਸ਼ਬਦ ਵਿਚ ਟਿਕਦੀ ਹੈ ਅਤੇ ਗੁਰਮਤਿ ਗਿਆਨ ਦਾ ਚਾਨਣ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦਾ ਹੈ। ਬਸ ਫਿਰ ਗੁਰਮਤਿ ਗਾਡੀ-ਰਾਹ ਦੀ ਸੋਝੀ ਹੋ ਜਾਂਦੀ ਹੈ। ਸਤਿਗੁਰੂ ਦਾ ਪੱਲਾ ਫੜ ਕੇ ਅੰਮ੍ਰਿਤ ਛਕ ਕੇ ਮਨੁੱਖ ਨਾਮ ਸਿਮਰਨ ਦੀ ਸੱਚੀ ਕਾਰ ਲੱਗ ਜਾਂਦਾ ਹੈ। ਬੱਸ! "ਪਾਰਸੁ ਭੇਟਿ ਭਏ ਸੇ ਪਾਰਸ, ਨਾਨਕ ਹਰਿ ਗੁਰਿ ਸੰਗਿ ਥੀਏ।"

ਕੁਲਵੰਤ ਕੌਰ—ਭੈਣ ਜੀ! ਅਸੀਂ ਤੇ ਕੀਰਤਨਾਂ ਤੇ ਜਾਣ ਨੂੰ ਐਮੇਂ (ਐਵੇਂ) ਈ ਸਮਝਦੇ ਸੀ। ਮੈਂ ਕਹਿੰਦੀ ਹੁੰਦੀ ਸੀ ਕਿ ਭੈਣ ਸਤਵੰਤ ਕੌਰ ਹੋਰੀਂ ਨਿੱਤ ਉਠ ਕੀਰਤਨਾਂ ਤੇ ਤੁਰੇ ਰਹਿੰਦੇ ਹਨ। ਮੈਨੂੰ ਤੇ ਹੁਣ ਸੋਝੀ ਆਈ ਹੈ ਕਿ ਸਾਧ ਸੰਗਤ ਮਾਨ-ਸਰੋਵਰ ਹੈ। ਟੇਪ ਵਿਚਲੇ ਸ਼ਬਦ ਵਿਚ ਕਿਵੇਂ ਕਿਹਾ ਹੈ ਗੁਰੂ ਜੀ ਨੇ? ਭਲਾ ਦੱਸਿਓ ਤੇ!

ਸਤਵੰਤ ਕੌਰ—"ਬਿਨੁ ਭਾਗਾ ਸਤਸੰਗੁ ਨ ਪਾਈਐ, ਕਰਮਿ ਮਿਲੈ ਹਰਿ ਨਾਮੁ ਹਰੀ।"

ਕੁਲਵੰਤ ਕੌਰ-ਭੈਣ ਜੀ! ਸਾਡੇ ਕਰਮ ਕਦ ਜਾਗਣਗੇ?

ਸਤਵੰਤ ਕੌਰ—ਜਾਗੇ ਹੀ ਸਮਝੋ। ਕਿੱਥੇ ਤੁਸੀਂ ਸਾਨੂੰ ਮਖੌਲ ਕਰਦੇ ਹੁੰਦੇ ਸੀ ਅਤੇ ਕਿੱਥੇ ਅੱਜ ਤੁਹਾਨੂੰ ਭੀ ਸਾਧ ਸੰਗਤ ਵਿਚ ਜਾਣ ਦਾ ਚਾਓ ਚੜ੍ਹ ਆਇਆ ਹੈ। ਟੇਪ ਤੋਂ ਕੀਰਤਨ ਸੁਣਦੇ ਮੈਂ ਤੁਹਾਨੂੰ ਦੇਖ ਹੀ ਰਹੀ ਸੀ, ਕਿਸ ਤਰ੍ਹਾਂ ਤੁਸੀਂ ਇਕ ਅਗੰਮੀ ਸਰੂਰ ਵਿਚ ਝੂਮ ਰਹੇ ਸੀ। ਤੁਹਾਨੂੰ ਸ਼ਬਦ ਦਾ ਰਸ ਆ ਰਿਹਾ ਸੀ, ਅਕਾਲ ਪੁਰਖ ਤਰੁੱਠਦਾ ਹੈ ਤਾਂ ਸ਼ਬਦ-ਗੁਰੂ ਮਨ ਵਸਦਾ ਹੈ। ਇਹੋ ਹੀ ਕਰਮ ਜਾਗਣ ਦਾ, ਭਾਵ ਕਿਸਮਤ ਖੁਲ੍ਹਣ ਦੀ ਨਿਸ਼ਾਨੀ ਹੈ।

ਏਨੇ ਨੂੰ ਬੂਹਾ ਖੋਲ੍ਹ ਕੇ ਬਿੱਟੂ ਅੰਦਰ ਆਉਂਦਾ ਹੈ ਅਤੇ ਆਪਣੀ ਮਾਂ ਕੁਲਵੰਤ ਕੌਰ ਨੂੰ ਘਰ ਜਾਣ ਵਾਸਤੇ ਕਹਿੰਦਾ ਹੈ, ਕਿਉਂਕਿ ਉਸ ਦਾ ਪਿਤਾ ਕੰਮ ਤੋਂ ਆ ਗਿਆ ਹੁੰਦਾ ਹੈ। ਕੁਲਵੰਤ ਕੌਰ ਸਵੈਟਰ ਸਲਾਈਆਂ ਸਾਂਭਦੀ ਹੋਈ ਸਤਵੰਤ ਕੌਰ ਕੋਲੋਂ ਜਾਣ ਲਈ ਵਿਦਾਇਗੀ ਲੈਂਦੀ ਹੈ।



www.AKJ.Org

ਕੋਣ ਤੋਂ ਪਰਖਿਆ ਜਾਣਾ ਉਚਿਤ ਹੈ।

ਕੁਝ ਸਾਲ ਹੋਏ, ਕਲਕਤੇ ਤੋਂ ਛਪਦੇ ਅੰਗ੍ਰੇਜ਼ੀ ਦੇ ਰਸਾਲੇ "ਸਿਖ ਰੀਵੀਉ" ਵਿਚ ਮਾਸ ਸੰਬੰਧੀ ਚਰਚਾ ਛਿੜੀ ਤੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਅਗਸਤ ੧੯੬੨ ਅਤੇ ਸਤੰਬਰ ੧੯੬੩ ਦੇ ਰਸਾਲੇ ਵਿਚ ਦੋ ਲੇਖ ਅੰਗਰੇਜ਼ੀ ਵਿਚ ਛਪੇ। ਭਾਈ ਸਾਹਿਬ ਨੂੰ ਪ੍ਰੇਰਨਾ ਕਰਨ ਤੇ ਉਹਨਾਂ ਨੇ ਇਹਨਾਂ ਲੇਖਾਂ ਨੂੰ ਪੰਜਾਬੀ ਰੂਪ ਦੇ ਦਿਤਾ ਹੈ ਅਤੇ ਕੁਝ ਹੋਰ ਵਿਚਾਰ ਵੀ ਨਾਲ ਸੰਮਿਲਤ ਕਰ ਦਿਤੇ ਹਨ। ਮੰਤਵ ਇਹ ਹੈ ਕਿ ਪੰਜਾਬੀ ਜਾਣਨ ਵਾਲੀ ਸਿਖ ਜਨਤਾ ਇਹਨਾਂ ਵਿਚਾਰਾਂ ਤੋਂ ਲਾਭ ਲੈ ਸਕੇ, ਖਾਸ ਕਰਕੇ ਜਦ ਕਿ ਇਸ ਲਖ ਵਿਚ ਭਾਈ ਸਾਹਿਬ ਨੇ ਆਪਣੀ ਲਿਖਤ ਦਾ ਮੂਲ ਅਧਾਰ ਗੁਰਬਾਣੀ ਨੂੰ ਬਣਾਇਆ ਹੈ।

—ਪ੍ਰਕਾਸ਼ਕ

## ਸ਼ਰਾਬ ਕਬਾਬ—
## ਦੁਨੀਆ ਦੇ ਮੰਨੇ-ਪ੍ਰਮੰਨੇ ਐਬ—

ਸ਼ਰਾਬ ਅਤੇ ਕਬਾਬ ਸੰਸਾਰ ਦੇ ਮੰਨੇ ਪ੍ਰਮੰਨੇ ਐਬ ਹਨ। ਇਨ੍ਹਾਂ ਐਬਾਂ ਦਾ ਸ਼ਿਕਾਰ ਹੋ ਕੇ ਕਈ ਖ਼ਾਨਦਾਨ, ਕਈ ਕੌਮਾਂ ਅਤੇ ਕਈ ਮੁਲਕ ਤਹਿਸ ਨਹਿਸ ਹੋ ਗਏ ਹਨ। ਇਹ ਚਸਕੇ ਏਨੇ ਸਬੱਲ ਅਤੇ ਪ੍ਰਬਲ ਹਨ ਕਿ ਇਨ੍ਹਾਂ ਦੀ ਮਾਰ ਤੋਂ ਵਡੇ ਵਡੇ ਦਿਮਾਗ਼ੀ ਤੌਰ ਤੇ ਸਿਆਣੇ ਮਨੁੱਖ ਵੀ ਨਹੀਂ ਬਚ ਸਕੇ। ਇਨ੍ਹਾਂ ਦੇ ਹੀ ਚਸਕਾਲੂ ਕਈ ਵਿਅਕਤੀਆਂ ਨੇ ਇਨ੍ਹਾਂ ਦੀ ਵਰਤੋਂ ਧਾਰਮਿਕ ਤੌਰ ਤੇ ਸਿਧ ਕਰਨ ਦੇ ਵੀ ਯਤਨ ਕੀਤੇ ਹਨ ਤੇ ਮਾਸ ਖਾਣ ਨੂੰ ਖਾਲਸਾ ਰਹਿਤ ਦਾ ਅੰਗ ਬਣਾਏ ਜਾਣ ਦਾ ਧੋਖਾ (Fraud) ਕੀਤਾ ਹੈ। ਇਸ ਕਾਰਨ ਗੁਰਬਾਣੀ ਦੀ ਰੋਸ਼ਨੀ ਵਿਚ ਇਸ ਮਸਲੇ ਨੂੰ ਨਿਤਾਰਨ ਦੀ ਲੋੜ ਪਈ ਹੈ।

## ਸ਼ਰਾਬ ਕਬਾਬ ਦੀ ਖੁਲ੍ਹੀ ਖੇਡ—
## ਜ਼ਿਮੇਵਾਰ ਕਉਣ ?

ਬੜੇ ਅਚੰਭੇ ਦੀ ਗੱਲ ਹੈ ਕਿ ਸਿਖ ਜਨਤਾ ਵੀ ਇਨ੍ਹਾਂ ਐਬਾਂ-ਸਰਾਬ ਤੇ ਕਬਾਬ—ਦੀ ਮਾਰ ਤੋਂ ਨਹੀਂ ਬਚ ਸਕੀ, ਜਿਸ ਦੇ ਫਲ-ਸਰੂਪ ਕੌਮ ਦੀ ਢਹਿੰਦੀ ਕਲਾ ਹੋਈ ਹੈ ਅਤੇ ਅਜਿਹੀ ਨਿਘਰੀ ਦਸ਼ਾ ਸਿਖ ਕੌਮ ਦੀ ਨਮੋਸ਼ੀ ਦਾ ਕਾਰਨ ਬਣ ਰਹੀ ਹੈ। ਕੌਮ ਦੇ ਜ਼ਿਮੇਵਾਰ ਵਿਅਕਤੀ ਇਸ ਦਸ਼ਾ ਦੀ ਜ਼ਿਮੇਵਾਰੀ ਪੇਂਡੂ ਜਨਤਾ ਤੇ ਸੁਟਦੇ ਹਨ ਅਤੇ ਇਸ ਦਾ ਕਾਰਨ ਉਨ੍ਹਾਂ ਦੀ ਅਨਪੜ੍ਹਤਾ ਅਤੇ ਉਨ੍ਹਾਂ ਵਿਚ ਪਰਚਾਰ ਦੀ ਘਾਟ ਦਸਦੇ ਹਨ। ਕਿਸੇ ਹਦ ਤਕ ਇਹ ਨਿਰਣਾ ਠੀਕ ਵੀ ਮੰਨਿਆ ਜਾ ਸਕਦਾ ਹੈ, ਪਰ ਇਸ ਤੋਂ ਵਡਾ, ਅਸਲ ਵਿਚ ਇਕ ਹੋਰ ਕਾਰਨ ਹੈ, ਅਤੇ ਉਹ ਇਹ ਹੈ ਕਿ ਕੌਮ ਦੇ ਮੁਹਾਣੇ, ਅਖੌਤੀ ਪਰਚਾਰਕ ਅਤੇ ਧਰਮ ਦੇ ਖੇਤਰ ਵਿਚ ਕੰਮ ਕਰਨ ਵਾਲੇ ਕੁਝ ਵਿਅਕਤੀ ਇਨ੍ਹਾਂ ਦੋ ਐਬਾਂ—ਸ਼ਰਾਬ ਤੇ ਕਬਾਬ—ਵਿਚ ਨਿਜੀ ਤੌਰ ਤੇ ਪਰਵਿਰਤ ਹਨ। ਆਪਣੇ ਐਬਾਂ ਉਤੇ ਪੜਦਾ ਪਾਣ ਦੀ ਭਾਵਨਾ ਅਧੀਨ ਉਹ ਖੁਲ੍ਹਮ-ਖੁਲ੍ਹਾ ਇਹ ਪਰਚਾਰ ਕਰਦੇ ਹਨ ਕਿ ਸ਼ਰਾਬ ਤੇ ਕਬਾਬ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਤ ਨਹੀਂ, ਅਥਵਾ ਪਤਿਤ ਕਰਮ ਨਹੀਂ ਹੈ। ਕਈ ਭਦਰ ਪੁਰਸ਼ ਤਾਂ ਅਰਦਾਸ ਕਰ ਕੇ ਮਾਸ ਅਤੇ ਭੰਗ ਦਾ ਭੋਗ ਗੁਰੂ ਮਹਾਰਾਜ ਜੀ ਨੂੰ ਲਵਾਉਣ ਤਕ ਵੀ ਜਾਂਦੇ ਹਨ ਅਤੇ ਮਗਰੋਂ ਇਨ੍ਹਾਂ ਨਿੰਦਤ ਪਦਾਰਥਾਂ ਨੂੰ ਪ੍ਰਸ਼ਾਦ ਆਖ ਕੇ ਵਰਤਾਉਂਦੇ ਹਨ। ਜੇ ਕਿਸੇ ਨੂੰ ਲੇਖਕ ਦੇ ਇਸ ਕਥਨ ਉਤੇ ਕੋਈ ਸ਼ਕ ਹੋਵੇ ਤਾਂ ਉਹ ਆਪਣੇ ਅੱਖੀਂ ਅਜਿਹਾ ਨਜ਼ਾਰਾ ਹਰ ਸਾਲ ਹੋਲੇ ਮਹਲੇ ਤੇ ਸ੍ਰੀ ਅਨੰਦਗੜ੍ਹ ਕਿਲ੍ਹੇ ਦੇ ਸਾਹਮਣੇ ਸ਼ਹੀਦੀ ਬਾਗ ਵਿਚ ਦੇਖ ਸਕਦਾ ਹੈ। ਇਹ ਸਭ ਕੁਝ ਖੁਲ੍ਹਮ-ਖੁਲ੍ਹਾ ਕੀਤਾ ਜਾਂਦਾ ਹੈ। ਕਈ ਸਜਣ ਤਾਂ ਏਥੋਂ ਤਕ ਵੀ ਫ਼ਤਵਾ ਦੇਂਦੇ ਹਨ ਕਿ ਜਿਹੜਾ ਮਨੁਖ ਮਹਾਂ ਪ੍ਰਸਾਦ (ਮਾਸ) ਨਹੀਂ ਖਾਂਦਾ ਉਹ ਸਿਖ ਨਹੀਂ।

ਕਿਡੇ ਅੰਨ੍ਹੇਰ ਦੀ ਗੱਲ ਹੈ ਕਿ ਮਾਸ ਖਾਣ ਦੀ ਆਪਣੀ ਨਿਜੀ ਕਮਜ਼ੋਰੀ ਨੂੰ ਲੁਕਾਉਣ ਲਈ ਕੁਝਕੁ ਚਲਾਕ ਬੰਦਿਆਂ ਨੇ ਮਾਸ ਵਰਗੇ ਨਿੰਦਨੀਯ ਘਿਰਣਤ ਅਤੇ ਗ਼ਲੀਜ਼ (ਗੰਦੇ) ਪਦਾਰਥ ਦਾ ਨਾਮ "ਮਹਾਂ ਪ੍ਰਸ਼ਾਦ" ਰਖ ਲਿਆ ਹੈ, ਜਦ ਕਿ ਸਿਖ ਪਰੰਪਰਾ ਵਿਚ ਮਹਾਂ ਪ੍ਰਸ਼ਾਦ, ਪੰਚਾਮ੍ਰਿਤ "ਕੜਾਹ



www.AKJ.Org

ਪ੍ਰਸ਼ਾਦ" ਲਈ ਵਰਤਿਆ ਜਾਣਾ ਨਿਸਚਿਤ ਹੈ।

ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦ
ਏਕ ਗੁਰਪੁਰਬ ਕੈ ਸਿਖਨ ਬੁਲਾਵਹੀ ॥
(ਕਬਿੱਤ ੩੦੯, ਭਾ: ਗੁਰਦਾਸ ਜੀ)

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ
ਪੰਚ ਮਿਲਿ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥
(ਕਬਿਤ ੧੨੪, ਭਾ: ਗੁਰਦਾਸ ਜੀ)

ਕੋਰੇ ਮਟ ਅਣਾਇ ਨੀਰ ਭਰਾਇਆ ॥
ਆਇ ਮਹਾ ਪਰਸਾਦਿ ਵੰਡ ਖੁਆਇਆ ॥
(ਵਾਰ ੨੦ ਪਉੜੀ ੧੦, ਭ: ਗੁਰਦਾਸ ਜੀ)

ਏਸੇ ਤਰ੍ਹਾਂ ਕਈ ਭੰਗ ਦੇ ਪ੍ਰੇਮੀ ਪੁਰਸ਼ਾਂ ਨੇ ਭੰਗ ਨੂੰ "ਸੁਖ-ਨਿਧਾਨ" ਅਤੇ ਸ਼ਰਾਬ ਨੂੰ "ਪੰਜ-ਰਤਨੀ" ਦਾ ਨਾਮ ਦਿਤਾ ਹੋਇਆ ਹੈ। ਉਨ੍ਹਾਂ ਦਾ ਇਹ ਕਰਤੱਵ ਵਾਮ-ਮਾਰਗੀਆਂ ਦੀ ਰੀਸ ਘੜੀਸ ਹੀ ਹੈ। ਪਰ ਖਾਲਸਾ ਜੀ ਦੇ ਨਿਰਮਲ ਪੰਥ ਵਿਚ ਇਸ ਪੋਪ-ਲੀਲ੍ਹਾ ਨੂੰ ਕੋਈ ਥਾਂ ਨਹੀਂ। ਕਿਸੇ ਘਿਰਣਤ ਵਸਤੂ ਦਾ ਚੰਗਾ ਨਾਮ ਰਖ ਲੈਣ ਨਾਲ ਉਸ ਦਾ ਅਸਲਾ ਨਹੀਂ ਬਦਲ ਸਕਦਾ। ਅਜਿਹਾ ਪਰਪੰਚ ਰਚਣ ਵਾਲੇ ਆਪਣੇ ਆਪ ਨਾਲ ਅਤੇ ਦੂਜਿਆਂ ਨਾਲ ਧੋਖਾ ਕਰਨ ਦਾ ਕੋਝਾ ਤੇ ਕੂੜਾਵਾ ਜਤਨ ਕਰਦੇ ਹਨ। ਇਹ ਕੂੜੀ ਘਾੜਤ ਫ਼ਜ਼ੂਲ ਹੈ —

ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ ॥
ਵਾਰ ੩੪, ਪਉੜੀ ੨੧

ਕੂੜ ਨੂੰ ਭਾਵੇਂ ਚਮਕੀਲੀ ਪੁਸ਼ਾਕ ਪੁਆ ਕੇ ਸਜਾ-ਫਬਾ ਕੇ ਪੇਸ਼ ਕੀਤਾ ਜਾਵੇ, ਉਹ ਸੱਚ ਨਹੀਂ ਬਣ ਸਕਦਾ। ਸਤ ਪੜਦੇ ਪਾੜ ਕੇ ਕੂੜ ਅੰਤ ਨੂੰ ਪਰਗਟ ਹੋ ਜਾਂਦਾ ਹੈ ਤੇ ਕੂੜ ਦੀ ਅੰਤ ਨੂੰ ਖੈ ਹੀ ਹੁੰਦੀ ਹੈ—

ਕੂੜ ਨਿਖੁਟੇ ਨਾਨਕਾ ਓੜਕਿ ਸਚੁ ਰਹੀ ॥ (੯੫੩)

ਸੋ ਤਾਤਪਰਜ ਇਹ ਹੈ ਕਿ ਸਿਖ ਜਨਤਾ ਵਿਚ ਸ਼ਰਾਬ ਕਬਾਬ ਦਾ ਦੌਰ-ਦੌਰਾ ਚਲਾਉਣ ਦੀ ਜ਼ਿਮੇਵਾਰੀ ਨੂੰ ਪੇਂਡੂ ਅਨਪੜ੍ਹ ਜਨਤਾ ਉਤੇ ਸੁੱਟ ਕੇ ਪਿੱਛਾ ਨਹੀਂ ਛੁਡਾਇਆ ਜਾ ਸਕਦਾ। ਇਸ ਦੀ ਜ਼ਿਮੇਵਾਰੀ ਕੌਮ ਦੇ ਧਾਰਮਿਕ ਆਗੂਆਂ ਉਤੇ ਹੈ, ਜਿਹੜੇ ਆਪ ਇਹਨਾਂ ਚਸਕਿਆਂ ਦਾ ਸ਼ਿਕਾਰ ਹਨ ਅਤੇ ਫਿਰ ਹਿਕ ਥਾਪੜ ਕੇ ਇਹਨਾਂ ਦੇ ਹੱਕ ਵਿਚ ਪਰਚਾਰ ਕਰਦੇ ਹਨ।

## ਮਾਸ ਖਾਣ ਦੀਆਂ ਦਲੀਲਾਂ—

ਮਾਸ ਖਾਣ ਦੇ ਹਾਮੀ ਸਜਣ ਅਕਸਰ ਮਾਸ ਖਾਣ ਦੀ ਪੁਸ਼ਟੀ ਲਈ ਹੇਠ ਲਿਖੀਆਂ ਦਲੀਲਾਂ ਦਿੰਦੇ ਹਨ :—

(੧) ਸਿਖ ਧਰਮ ਵਿਚ ਖਾਣ ਪੀਣ ਵਾਲੇ ਕਿਸੇ ਪਦਾਰਥ ਤੇ ਪਾਬੰਦੀ ਨਹੀਂ। ਮਾਸ ਖਾਣ ਜਾਂ ਨਾ ਖਾਣ ਦਾ ਨਿਰਭਰ ਹਰੇਕ ਵਿਅਕਤੀ ਦੀ ਆਪਣੀ ਰੁਚੀ ਉਤੇ ਹੈ। ਗੁਰਮਤਿ ਦੀ ਕਸਵਟੀ ਕੇਵਲ ਇਹ ਹੈ ਕਿ ਜਿਹੜੇ ਪਦਾਰਥ ਦੇ ਸੇਵਨ ਕੀਤਿਆਂ ਸਰੀਰ ਨੂੰ ਕਸ਼ਟ ਹੋਵੇ ਅਤੇ ਮਨ ਵਿਚ ਵਿਕਾਰ ਉਤਪੰਨ ਹੋਵੇ, ਉਸ ਦਾ ਸੇਵਨ ਕਰਨਾ ਹਾਨੀਕਾਰਕ ਹੈ। ਇਸ ਕਥਨ ਦੀ ਪੁਸ਼ਟੀ ਵਿਚ ਉਹ ਇਕ ਤੁਕ ਦਾ ਹਵਾਲਾ ਦਿੰਦੇ ਹਨ—

ਬਾਬਾ ਸਾ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ
ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ ॥

ਨੋਟ:—ਤੁਕ ਨੰਬਰ ੧ ਵਿਚ ਸ਼ਬਦ 'ਸਾ' ਦੀ ਥਾਵੇਂ ਗੁਰਬਾਣੀ ਵਿਚ ਸ਼ਬਦ 'ਹੋਰ' ਹੈ।

(੨) ਸਿਖ ਧਰਮ ਵਿਚ ਕੇਵਲ ਕੁੱਠਾ-ਮਾਸ (ਮੁਸਲਮਾਨੀ ਤਰੀਕੇ ਨਾਲ ਕਲਮਾ ਪੜ੍ਹ ਕੇ ਤਿਆਰ ਕੀਤੇ ਗਏ ਮਾਸ) ਦੀ ਮਨਾਹੀ ਹੈ ਪਰ ਝਟਕੇ ਦੀ ਖੁਲ੍ਹ ਹੈ।

(੩) ਪੁਰਾਤਨ ਇਤਿਹਾਸਕ ਲਿਖਤਾਂ ਵਿਚੋਂ ਮਾਸ ਖਾਣ ਦੀ ਕੋਈ ਮਨਾਹੀ ਨਹੀਂ ਮਿਲਦੀ, ਸਗੋਂ ਗੁਰੂ ਸਾਹਿਬ ਦੇ ਸਮੇਂ ਲੰਗਰਾਂ ਵਿਚ ਮਾਸ ਦੀ ਵਰਤੋਂ ਦੇ ਪ੍ਰਮਾਣ ਮਿਲਦੇ ਹਨ।

(੪) ਜੇ ਮੁਰਗਾ, ਬਕਰਾ, ਤਿਤਰ, ਬਟੇਰ ਆਦਿ ਜਾਨਵਰ ਮਾਰਨ ਵਿਚ ਜੀਵ-ਹਤਿਆ ਦਾ ਦੋਸ਼ ਲਗਦਾ ਹੈ ਤਾਂ ਬਾਕੀ ਪਦਾਰਥ ਕਣਕ, ਦਾਲਾਂ, ਦੁੱਧ ਪਾਣੀ ਆਦਿ ਖਾਣ ਪੀਣ ਵਾਲੇ ਮਨੁਖ ਵੀ ਇਸ ਦੋਸ਼ ਤੋਂ ਮੁਕਤ ਨਹੀਂ ਹੋ ਸਕਦੇ, ਕਿਉਂਕਿ ਅੰਨ ਦੇ ਸਾਰਿਆਂ ਦਾਣਿਆਂ ਵਿਚ ਜੀਵ ਹਨ।

(੫) ਮਾਸ ਨਾ ਖਾਣ ਨਾਲ ਮਨੁਖ ਵਿਚ ਕਾਇਰਤਾ ਪਰਵੇਸ਼ ਕਰ ਜਾਂਦੀ ਹੈ।

(੬) ਮਾਸ ਬੜੀ ਤਾਕਤਵਰ ਵਸਤੂ ਹੈ, ਇਸ ਨੂੰ



www.AKJ.Org

ਖਾਣ ਨਾਲ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਹੈ ।

ਉਪਰੋਕਤ ਦਲੀਲਾਂ ਦੀ ਛਾਣ-ਬੀਣ ਕਰ ਕੇ ਇਕ ਇਕ ਉਤੇ ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰ ਕਰਨ ਦਾ ਯਤਨ ਕੀਤਾ ਜਾਂਦਾ ਹੈ ।

## ਉਤਰ ਦਲੀਲ ਨੰ: ੧–

ਇਹ ਕਥਨ ਠੀਕ ਨਹੀਂ ਕਿ ਸਿਖ ਧਰਮ ਵਿਚ ਕਿਸੇ ਪਦਾਰਥ ਦੇ ਖਾਣ ਉਤੇ ਕੋਈ ਪਾਬੰਦੀ ਨਹੀਂ । ਖਾਣ ਪੀਣ ਦੇ ਸੰਬੰਧ ਵਿਚ ਸਿਖ ਧਰਮ ਆਪਣੇ ਅਨੁਆਈਆਂ ਨੂੰ ਨਿਜੀ ਮਾਨਸਿਕ ਰੁਚੀ ਅਨੁਸਾਰ ਜਾਂ ਸਰੀਰਕ ਹਾਲਤ ਦੇ ਅਨੁਕੂਲ ਕੇਵਲ ਅਜਿਹੇ ਪਦਾਰਥ ਖਾਣ ਦੀ ਖੁਲ੍ਹ ਦਿੰਦਾ ਹੈ ਜਿਨ੍ਹਾਂ ਨਾਲ ਤਨ ਤੇ ਮਨ ਪ੍ਰਫੁਲਤ ਹੋਣ ਅਤੇ ਇਸ ਤਰ੍ਹਾਂ ਸੇਵਾ ਸਿਮਰਨ ਵਿਚ ਸਹਾਇਤਾ ਮਿਲੇ । ਇਸ ਦੇ ਵਿਰੁਧ ਅਜਿਹੇ ਪਦਾਰਥ, ਜਿਨ੍ਹਾਂ ਦਾ ਸੇਵਨ ਸਰੀਰ ਨੂੰ ਨਿਤਾਣਾ ਜਾਂ ਸੁਸਤ ਕਰੇ, ਜਿਹਾ ਕਿ ਤਮਾਕੂ, ਪੋਸਤ, ਭੰਗ, ਅਫੀਮ, ਸ਼ਰਾਬ ਆਦਿ ਜਾਂ ਜਿਨ੍ਹਾਂ ਦਾ ਸੇਵਨ ਦੂਜੇ ਜੀਵਾਂ ਲਈ ਕਸ਼ਟ ਦਾ ਕਾਰਨ ਬਣੇ ਤੇ ਖਾਣ ਵਾਲੇ ਮਨੁਖ ਦਾ ਤਨ ਤੇ ਮਨ ਜ਼ੋਰ-ਜ਼ੁਲਮ ਦਾ ਵਿਕਾਰੀ ਹੋ ਨਿਬੜੇ, ਅਜਿਹੇ ਸਾਰੇ ਪਦਾਰਥਾਂ ਦਾ ਸੇਵਨ ਗੁਰਮਤਿ ਵਿਚ ਬਿਲਾ-ਸ਼ਕ ਵਿਵਰਜਿਤ ਹੈ । ਗੁਰਬਾਣੀ ਦਾ ਫੁਰਮਾਨ ਹੈ–

> ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥
>
> ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥੧੮੮॥ [ਸਲੋਕ ਕਬੀਰ ਜੀ. ਪੰ:੧੩੭੪
>
> ਹੇਰਾ = ਮਾਸ ।

ਭਾਵ ਇਹ ਹੈ ਕਿ ਭੰਗ, ਮਛੁਲੀ, ਸ਼ਰਾਬ ਖਾਣ ਵਾਲੇ ਪ੍ਰਾਣੀ ਦੇ ਪੁੰਨ ਕਰਮ ਕੀਤੇ ਵੀ ਕਿਸੇ ਕੰਮ ਨਹੀਂ ਆਉਂਦੇ ਤੇ ਉਹ ਸਦਾ ਅਧੋਗਤੀ ਨੂੰ ਹੀ ਪ੍ਰਾਪਤ ਹੁੰਦੇ ਹਨ। ਇਸ ਦੇ ਨਾਲ ਹੀ ਇਹ ਵੀ ਨਿਰਣਾ ਕਰ ਦਿਤਾ ਗਿਆ ਹੈ ਕਿ ਕੁਦਰਤ ਵਲੋਂ ਉਦਰ-ਪੂਰਨਾ ਹਿਤ ਬਖਸ਼ਿਆ ਕੁਦਰਤੀ ਰਿਜ਼ਕ, ਭਾਵ ਮਿੱਸਾ ਤਿੱਸਾ ਖਿੱਚੜ-ਅੰਨ ਅੰਮ੍ਰਿਤ ਵਰਗਾ ਸੁਵੱਛ ਤੇ ਸਵਾਦਿਸ਼ਟ ਭੋਜਨ ਹੈ, ਜਿਸ ਦੇ ਸੇਵਨ ਕਰਨ ਨਾਲ ਨਾਮ ਜਪਣ ਲਈ ਸਰੀਰ ਦੀ ਸੱਤਿਆ ਕਾਇਮ ਰਹਿੰਦੀ ਹੈ । ਅਜਿਹਾ ਆਦਰਸ਼ਕ ਅਹਾਰ ਹੁੰਦਿਆਂ ਸੁੰਦਿਆਂ ਫਿਰ ਕੌਣ ਅਤੇ ਕਾਹਦੇ ਲਈ ਜੀਵਾਂ ਦਾ ਗਲਾ ਵਢ ਕੇ ਹਤਿਆ ਕਰੇ ?

ਗੁਰਬਾਣੀ ਦੀ ਰੌਸ਼ਨੀ ਵਿਚ ਜੀਵਾਂ ਨੂੰ ਮਾਰ ਕੇ ਪ੍ਰਾਪਤ ਕੀਤੇ ਮੁਰਦਾਰ ਮਾਸ ਦੇ ਨਿਸ਼ੇਧ ਸੰਬੰਧੀ ਤਾਂ ਦੋ ਰਾਵਾਂ ਦੀ ਗੁੰਜਾਇਸ਼ ਹੀ ਨਹੀਂ, ਸਗੋਂ ਉਹ ਵਸਤੂਆਂ ਜਾਂ ਕਰਮ ਵੀ ਵਿਵਰਜਤ ਹਨ ਜਿਨ੍ਹਾਂ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਗਈ ਹੈ ।

ਗੁਰਬਾਣੀ ਦਾ ਸਪੱਸ਼ਟ ਫ਼ਤਵਾ ਹੈ ਕਿ ਕੂੜ ਕੁਸੱਤ ਕਰ ਕੇ, ਜ਼ੋਰ-ਜ਼ੁਲਮ ਕਰ ਕੇ, ਵਲ ਛਲ ਕਰ ਕੇ ਪਰਾਇਆ ਹੱਕ ਮਾਰਨਾ ਮੁਰਦਾਰ ਤੁਲ ਹੈ ਤੇ ਇਹ ਗੁਰੂ ਕੇ ਸਿਖਾਂ ਲਈ ਵਿਵਰਜਤ ਹੈ । ਗੁਰੂ ਪੀਰ ਵੀ ਤਾਂ ਹੀ ਹਾਮਾ ਭਰਦਾ ਹੈ ਜਦੋਂ ਕੋਈ ਮੁਰਦਾਰ ਖਾਣ ਤੋਂ ਬਚਿਆ ਹੋਵੇ ।

> ਕੂੜੁ ਬੋਲਿ ਮੁਰਦਾਰੁ ਖਾਇ ॥ (੧੪੦)
>
> ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (੧੪੧)

ਪਰਾਏ ਹੱਕ ਦੀ ਨਿੰਦਿਆ ਤੇ ਨਿਖੇਧੀ ਕਰਨ ਲਈ ਉਸ ਨੂੰ ਮੁਰਦਾਰ ਨਾਲ ਤੁਲਨਾ ਦਿਤੀ ਗਈ ਹੈ । ਇਸ ਦਾ ਸਪੱਸ਼ਟ ਭਾਵ ਹੈ ਕਿ ਮੁਰਦਾਰ ਨਿੰਦਤ ਤੇ ਨਿਸ਼ੇਧਤ ਵਸਤੂ ਹੈ । ਸੂਰ ਹੋਵੇ ਭਾਵੇਂ ਗਾਂ, ਕਲਮਾ ਪੜ੍ਹ ਕੇ ਕਟ-ਵਢ ਕੀਤਾ ਹੋਵੇ ਜਾਂ ਸਤਿ ਸ੍ਰੀ ਅਕਾਲ ਕਹਿ ਕੇ; ਛੁਰੀ ਨਾਲ ਕਟਿਆ ਗਿਆ ਹੋਵੇ ਭਾਵੇਂ ਕਿਰਪਾਨ ਨਾਲ; ਹੌਲੀ ਹੌਲੀ ਕਟਿਆ ਗਿਆ ਹੋਵੇ ਜਾਂ ਇਕੋ ਝਟਕੇ ਨਾਲ; ਮਾਰਿਆ ਗਿਆ ਜਾਨਵਰ ਮੁਰਦਾਰ ਹੀ ਹੈ । ਬੜੀ ਸਿਧੀ ਗੱਲ ਹੈ ਕਿ ਜੇ ਪਰਾਇਆ ਹੱਕ ਮਾਰਨਾ ਮੁਰਦਾਰ ਖਾਣ ਬਰਾਬਰ ਹੈ ਅਤੇ ਵਿਵਰਜਤ ਹੈ, ਜੇ ਝੂਠ ਬੋਲਣਾ ਮੁਰਦਾਰ ਖਾਣ ਤੁਲ ਹੈ ਤੇ ਵਿਵਰਜਤ ਹੈ ਤਾਂ ਸਗਵਾਂ ਮੁਰਦਾਰ ਖਾਣਾ ਕਿਵੇਂ ਜਾਇਜ਼ ਹੋ ਸਕਦਾ ਹੈ ? ਫਿਰ ਮੁਰਦਾਰ ਖਾਣ ਵਾਲਾ (ਮੁਰਦਾਰ-ਖੋਰ) ਵਿਅਕਤੀ,



www.AKJ.Org

ਗੁਰ-ਪੀਰ ਦੇ ਉਸ ਪ੍ਰਤੀ ਹਾਮਾ ਭਰੇ ਜਾਣ ਦੀ ਆਸ ਕਿਵੇਂ ਰੱਖ ਸਕਦਾ ਹੈ, ਜਦੋਂ ਕਿ ਉਹ ਖੁਲ੍ਹਮ-ਖੁਲ੍ਹਾ ਗੁਰੂ-ਹੁਕਮਾਂ ਦੀ ਉਲੰਘਣਾ ਕਰਨ ਦਾ ਕੇਵਲ ਨਿਜੀ ਤੌਰ ਤੇ ਹੀ ਦੋਸ਼ੀ ਨਹੀਂ ਬਣਦਾ, ਸਗੋਂ ਦੂਜਿਆਂ ਨੂੰ ਇਸ ਦੋਸ਼ ਵਿਚ ਪਰਵਿਰਤ ਕਰਨ ਲਈ ਧਰਮ ਦੀ ਆੜ ਲੈਂਦਾ ਤੇ ਇਸ ਤਰ੍ਹਾਂ ਧਰਮ ਨੂੰ ਬਦਨਾਮ ਕਰਨ ਦੀ ਕੋਝੀ ਹਰਕਤ ਕਰਦਾ ਹੋਵੇ।

ਮਾਸ ਖਾਣ ਲਈ ਮਾਸੂਮ ਜਾਨਵਰਾਂ ਨੂੰ ਜਾਨੋਂ ਮਾਰਨ ਤੇ ਮੁਰਦਾਰ ਖਾਣ ਵਾਲੇ ਵਿਅਕਤੀਆਂ ਨੂੰ ਗੁਰਬਾਣੀ ਭੂਤਨਿਆਂ ਦਾ ਫ਼ਤਵਾ ਦਿੰਦੀ ਹੈ—

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥ [ਤਿਲੰਗ ਮ: ੫, ਪੰ: ੭੨੩

ਗੈਬਾਨ = ਭੂਤ ਪਰੇਤ।

ਭਾਈ ਗੁਰਦਾਸ ਜੀ ਦੀ ਬਾਣੀ, ਜੋ ਗੁਰਬਾਣੀ ਦੀ ਕੁੰਜੀ ਮੰਨੀ ਜਾਂਦੀ ਹੈ, ਵੀ ਜੀਵਾਂ ਨੂੰ ਮਾਰ ਕੇ ਮਾਸ ਖਾਣ ਦੀ ਸਪੱਸ਼ਟ ਮਨਾਹੀ ਕਰਦੀ ਹੈ—

ਜੇਕਰਿ ਉਧਰੀ ਪੂਤਨਾ
ਵਿਹੁ ਪੀਆਲਣੁ ਕੰਮੁ ਨ ਚੰਗਾ ॥ ..
ਜੇ ਕਾਸਾਈ ਉਧਰਿਆ
ਜੀਆ ਘਾਇ ਨ ਖਾਈਐ ਭੰਗਾ ॥੬॥ [ਵਾਰ ੩੧

ਗੁਰੂ ਬਾਬੇ ਨੇ ਮਲਕ ਭਾਗੋ ਦੇ ਕੂੜ ਕੁਸੱਤ ਤੇ ਜ਼ੋਰ-ਜ਼ੁਲਮ ਕਰ ਕੇ ਕਮਾਏ ਧਨ ਨਾਲ ਤਿਆਰ ਕੀਤੇ ਮਾਲ੍ਹ-ਪੂੜਿਆਂ ਨੂੰ ਮੁਰਦਾਰ ਜਾਣ ਕੇ ਤਿਆਗ ਕੀਤਾ। ਗੁਰੂ ਪਾਤਸ਼ਾਹ ਦਾ ਪਰਤੱਖ ਕੌਤਕ ਵਰਤਾ ਕੇ ਸਾਰੀ ਲੋਕਾਈ ਪ੍ਰਤੀ ਇਹ ਸੱਚਾਈ ਪ੍ਰਗਟ ਕੀਤੀ ਕਿ ਖੋਹ-ਖਾਣ ਦੀ ਰੁਚੀ ਹਿੰਸਕ ਤੇ ਨਿੰਦ-ਨੀਯ ਰੁਚੀ ਹੈ ਅਤੇ ਜੀਵਾਂ ਉਤੇ ਜ਼ੋਰ-ਜ਼ੁਲਮ ਦੀ ਵਰਤੋਂ ਕਰ ਕੇ ਪ੍ਰਾਪਤ ਕੀਤਾ ਪਰਾਇਆ ਧਨ ਪਾਪਾਂ ਦੀ ਖੱਟੀ ਹੈ ਅਤੇ ਇਸ ਨਾਲ ਖ਼ਰੀਦੇ ਪਦਾਰਥ ਭਾਵੇਂ ਸਵੱਛ ਅਤੇ ਸਵਾਦਿਸ਼ਟ ਹੀ ਹੋਣ, ਅਸਲ ਵਿਚ ਗਰੀਬਾਂ ਦਾ ਖ਼ੂਨ ਹਨ।

ਜੇ ਗਰੀਬਾਂ ਨੂੰ ਤੰਗ ਕਰ ਕੇ, ਖੋਹੀ ਮੋਹੀ ਕਰਕੇ, ਠਗੀ ਠੋਰੀ ਲਾ ਕੇ ਪ੍ਰਾਪਤ ਕੀਤਾ ਧਨ ਗੁਰੂ ਬਾਬੇ ਲਈ ਲੋਕਾਂ ਦੇ ਖ਼ੂਨ ਅਥਵਾ ਮੁਰਦਾਰ ਤੁਲ ਹੈ ਤਾਂ ਜੀਵਾਂ ਦਾ ਕਤਲ ਕਰਕੇ ਉਨ੍ਹਾਂ ਦਾ ਪਰਤੱਖ ਖ਼ੂਨ ਕਰ ਕੇ ਪ੍ਰਾਪਤ ਕੀਤਾ ਮੁਰਦਾਰ-ਮਾਸ, ਉਸ ਦੇ ਸਿਖਾਂ ਲਈ "ਮਹਾਂ ਪ੍ਰਸ਼ਾਦ" ਕਿਵੇਂ ਬਣ ਗਿਆ? ਸਪੱਸ਼ਟ ਹੈ ਕਿ ਮਾਸ ਵਰਗੇ ਬਿਖ-ਵਤ ਪਦਾਰਥ ਲਈ "ਮਹਾਂ ਪ੍ਰਸ਼ਾਦ" ਦੇ ਉਤਮ ਪਦ ਦੀ ਵਰਤੋਂ ਪ੍ਰਚਲਤ ਕਰਨੀ ਕੁਝ ਕੁ ਚਸਕਾਲੂ ਮਾਸਖ਼ੋਰੇ ਸਜਣਾਂ ਦੀ ਗਿਣੀ ਮਿਥੀ ਕੁਟਿਲ ਸਾਜ਼ਸ਼ ਹੈ।

ਦੋ ਪੰਛੀ ਹਨ: ਹੰਸ ਅਤੇ ਬਗਲਾ। ਇਨ੍ਹਾਂ ਦੀ ਚਿੱਟੀ ਦੁੱਧ ਸੂਰਤ ਇਕੋ ਜਿਹੀ ਮਨਮੋਹਣੀ ਹੈ। ਦੋਹਾਂ ਦਾ ਸਫ਼ੈਦ ਵੇਸ ਮਨ ਉਤੇ ਸਾਤਵਿਕ ਪ੍ਰਭਾਵ ਪਾਉਂਦਾ ਹੈ। ਪਰ ਗੁਰਬਾਣੀ ਅੰਦਰ ਉਨ੍ਹਾਂ ਵਿਚੋਂ ਇਕ ਦੀ; ਉਸ ਵਲੋਂ ਜੀਵਨ-ਨਿਰਬਾਹ ਲਈ ਅਪ-ਣਾਈ ਗਈ ਖ਼ੁਰਾਕ ਦੇ ਅਧਾਰ ਤੇ ਸਲਾਹੁਤ ਕੀਤੀ ਗਈ ਹੈ ਅਤੇ ਦੂਜੇ ਦੀ ਨਿੰਦਿਆ।

ਹੰਸ ਉਤਮ ਹੈ।
ਕਿਉਂ?
ਹੰਸ ਦਾ ਅਹਾਰ ਉਤਮ ਹੈ।

ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ ॥
[ਸਲੋਕੁ ਮ: ੧, ਪੰਨਾ ੯੫੬

ਬਗਲਾ ਨੀਚ ਹੈ।
ਕਿਉਂ?
ਬਗਲੇ ਦਾ ਅਹਾਰ ਘਿਰਣਤ ਹੈ।

ਬਗੁਲਾ ਕਾਗ ਨੀਚ ਕੀ ਸੰਗਤਿ
ਜਾਇ ਕਰੰਗ ਬਿਖੂ ਮੁਖਿ ਲਾਈਐ ॥ (੮੮੧)

ਗੁਰਬਾਣੀ ਦੇ ਰੱਬੀ ਉਪਦੇਸ਼ ਅਨੁਸਾਰ "ਕਰੰਗ ਬਿਖੂ" ਸੇਵਨ ਕਰਨ ਕਰਕੇ ਹੀ ਬਗਲਾ ਘਿਰਣਤ ਪੰਛੀ ਹੈ। ਫਿਰ ਸਮਝ ਨਹੀਂ ਆਉਂਦੀ ਕਿ ਇਹ "ਕਰੰਗ-ਬਿਖੂ" ਗੁਰੂ ਕੇ ਸਿਖਾਂ ਲਈ "ਮਹਾਂ ਪ੍ਰਸ਼ਾਦ" ਕਿਵੇਂ ਤੇ ਕਦੋਂ ਬਣ ਗਿਆ? ਤੇ 'ਕਰੰਗ-ਬਿਖੂ' ਦਾ ਬਿਵਰਜਤ ਭੋਜਨ ਖਾ ਕੇ ਕਿਵੇਂ ਕੋਈ ਗੁਰੂ ਕਾ ਸਚਿਆਰ ਸਿਖ ਹੋਣ ਦਾ ਦਾਅਵਾ ਕਰ ਸਕਦਾ ਹੈ?

ਕੋਈ ਮਾਂ ਆਪਣੇ ਪੁਤਰ ਨੂੰ ਬਿਖ ਖਾਣ ਦੀ ਆਗਿਆ ਨਹੀਂ ਦਿੰਦੀ। ਫਿਰ ਇਹ ਸੋਚਣਾ ਵੀ ਅਪਰਾਧ ਤੋਂ ਘਟ ਨਹੀਂ ਜਾਪਦਾ ਕਿ ਸੰਸਾਰ ਦੇ ਅਧਿਆਤਮਕ ਪਿਤਾ ਸਤਿਗੁਰੂ ਨੇ "ਕਰੰਗ-ਬਿਖੂ"



www.AKJ.Org

ਖਾਣ ਦੀ ਖੁਲ੍ਹ ਆਪਣੇ ਸਿਖ-ਬੱਚਿਆਂ ਨੂੰ ਦਿਤੀ ਹੋਈ ਹੈ; ਕਦੇ ਨਹੀਂ। ਜੇ ਭਲਾ ਅਸੀਂ ਗੁਰੂ ਕੇ ਸਿਖ, ਆਪ-ਹੁਦਰੇ ਹੋ ਕੇ "ਕਰੰਗ-ਬਿਖੂ" ਨੂੰ "ਮਹਾਂ ਪ੍ਰਸ਼ਾਦ" ਦਾ ਨਾਮ ਦੇ ਕੇ ਛਕਣਾ ਸ਼ੁਰੂ ਕਰ ਦੇਈਏ ਤਾਂ ਸਾਡੇ ਸਿਰ ਉਤੇ ਸ੍ਰੀ ਕਬੀਰ ਜੀ ਦਾ ਹੇਠ ਲਿਖਿਆ ਸਲੋਕ ਸਦਾ ਸਲੋਤਰ ਫੇਰਦਾ ਰਵ੍ਹੇਗਾ, ਓਵੇਂ ਹੀ ਜਿਵੇਂ ਜੇ ਬੱਚਾ ਅਨੁੱਚਿਤ ਕਿਰਿਆ ਕਰਨ ਤੋਂ ਨਾ ਹਟੇ ਤਾਂ ਮਾਂ ਨਸੀਅਤ ਵਜੋਂ ਬੱਚੇ ਨੂੰ ਚਪੇੜ ਵੀ ਟਿਕਾ ਦੇਂਦੀ ਹੈ—

ਕਬੀਰ ਸਾਚਾ ਸਤਿਗੁਰੁ ਕਿਆ ਕਰੈ
ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸ ਬਜਾਈਐ ਫੂਕ ॥੧੫੮॥

[ਸਲੋਕ ਕਬੀਰ ਜੀ, ਪੰਨਾ ੧੩੭੨

ਮਾਸ ਖਾਣ ਦੇ ਪੱਖੀ ਵੀਰ ਇਹ ਦਲੀਲ ਦਿੰਦੇ ਹਨ ਕਿ ਸਿਖ ਧਰਮ ਵਿਚ ਖਾਣ ਪੀਣ ਦੇ ਕਿਸੇ ਖ਼ਾਸ ਪਦਾਰਥ ਤੇ ਕਿਸੇ ਕਿਸਮ ਦੀ ਕੋਈ ਮਨਾਹੀ ਨਹੀਂ। ਇਸ ਸਬੰਧ ਵਿਚ ਉਹ ਹੇਠ ਲਿਖੀ ਗੁਰਬਾਣੀ ਦੀ ਤੁਕ ਦਾ ਹਵਾਲਾ ਦਿਆ ਕਰਦੇ ਹਨ—

ਬਾਬਾ ਸਾ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲੈ ਵਿਕਾਰੁ।

ਨੋਟ : ਤੁਕ ਨੰ: ੧ ਵਿਚ ਸ਼ਬਦ 'ਸਾ' ਦੀ ਥਾਵੇਂ 'ਹੋਰੁ' ਹੈ।

ਮਾਸ ਖਾਣ ਦੇ ਸੰਬੰਧ ਵਿਚ ਉਪਰੋਕਤ ਹਵਾਲਾ ਅਨੁਚਿਤ ਹੈ। ਇਸ ਸਿਲਸਿਲੇ ਵਿਚ ਸਮੁਚੇ ਸ਼ਬਦ ਦੇ ਦਰਸ਼ਨ ਕਰਨੇ ਜ਼ਰੂਰੀ ਹਨ, ਜਿਸ ਵਿਚ ਉਪ-ਰੋਕਤ ਤੁਕਾਂ ਆਉਂਦੀਆਂ ਹਨ। ਸ਼ਬਦ ਇਸ ਪ੍ਰਕਾਰ ਹੈ :—

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥ ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਂਗ ਤੇਗ-ਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ॥ ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥ ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ਰਹਾਉ॥੪॥੭॥ [ਸਿਰੀਰਾਗੁ ਮਹਲਾ ੧, ਪੰਨਾ ੧੬-੧੭

ਦੇਖਿਆ ਗਿਆ ਹੈ ਕਿ ਸਾਰੇ ਵੀਰ ਆਪਣੇ ਪਖ ਦੀ ਪੁਸ਼ਟੀ ਵਿਚ "ਸਾ ਖਾਣਾ ਖੁਸੀ ਖੁਆਰ" ਬੋਲਦੇ ਹਨ ਜਦ ਕਿ ਗੁਰਬਾਣੀ ਦੀ ਤੁਕ ਵਿਚ "ਹੋਰੁ ਖਾਣਾ ਖੁਸੀ ਖੁਆਰੁ" ਅੰਕਿਤ ਹੈ। ਸ਼ਬਦ "ਹੋਰ" ਨੂੰ "ਸਾ" ਵਿਚ ਬਦਲ ਕੇ ਤੁਕ ਨੂੰ ਗ਼ਲਤ ਰੂਪ ਵਿਚ ਪਤਾ ਨਹੀਂ ਕਿਉਂ ਪੇਸ਼ ਕੀਤਾ ਜਾਂਦਾ ਹੈ।

ਇਸ ਸ਼ਬਦ ਦੇ ਚਾਰ ਬੰਦ ਹਨ ਅਤੇ ਹਰੇਕ ਬੰਦ ਮਗਰੋਂ ਆਈ ਰਹਾਉ ਦੀ ਪਹਿਲੀ ਤੁਕ ਵਿਚ "ਹੋਰੁ" ਸ਼ਬਦ ਆਉਂਦਾ ਹੈ, ਅਤੇ ਇਥੇ "ਹੋਰੁ" ਸ਼ਬਦ ਦੀ ਆਪਣੀ ਵਿਸ਼ੇਸ਼ ਮਹੱਤਤਾ ਹੈ।

ਪਹਿਲੇ ਬੰਦ ਵਿਚ ਗੁਰੂ ਬਾਬਾ ਜੀ ਜੀਵਨ ਵਿਚ ਸਦੀਵੀ ਅਨੰਦ ਅਤੇ ਆਤਮਕ ਪ੍ਰਗਤੀ ਲਈ ਗੁਰਸਿਖ ਜਗਿਆਸੂਆਂ ਲਈ ਇਕ ਆਦਰਸ਼ਕ ਅਧਿਆਤਮਕ ਭੋਜਨ ਦਾ ਵਰਨਣ ਕਰਦੇ ਹਨ ਅਤੇ ਇਸ ਬੰਦ ਮਗਰੋਂ ਆਈਆਂ ਰਹਾਉ ਦੀਆਂ ਪੰਗਤੀਆਂ ਵਿਚ ਚਿਤਾ-ਵਨੀ ਦਿੰਦੇ ਹਨ ਕਿ ਇਸ ਆਦਰਸ਼ਕ ਭੋਜਨ ਦੇ ਮੁਕਾਬਲੇ ਵਿਚ ਹੋਰ (ਮਾਇਕ) ਖਾਣਾ ਖੁਸ਼ੀ ਦਾ ਬਾਧਕ ਹੈ। ਬਾਕੀ ਦੇ ਤਿੰਨਾਂ ਪਦਿਆਂ ਵਿਚ ਗੁਰੂ ਪਾਤਸ਼ਾਹ ਜੀ ਵਲੋਂ ਅਧਿਆਤਮਕ ਪੁਸ਼ਾਕ,


www.AKJ.Org

ਅਧਿਆਤਮਕ ਸਵਾਰੀ ਅਤੇ ਅਧਿਆਤਮਕ ਲੀਨਤਾ (ਨੀਂਦ) ਦਾ ਵਰਨਣ ਕਰਦਿਆਂ ਹੋਇਆਂ ਹਰੇਕ ਬੰਦ ਦੇ ਅੰਤ ਵਿਚ ਚਿਤਾਵਨੀ ਦਿਤੀ ਹੋਈਹੈ ਕਿ ਇਨ੍ਹਾਂ ਦੇ ਮੁਕਾਬਲੇ ਵਿਚ ਹੋਰ (ਮਾਇਕ) ਪੁਸ਼ਾਕ, (ਮਾਇਕ) ਸਵਾਰੀ ਅਤੇ (ਮਾਇਕ) ਨੀਂਦ, ਇਹ ਸਾਰੀਆਂ ਖੁਸ਼ੀ ਦੀਆਂ ਬਾਧਕ ਹਨ।

ਸੰਖੇਪ ਜਿਹੀ ਵਿਚਾਰ ਤੋਂ ਸਪੱਸ਼ਟ ਨਿਰਣਾ ਹੋ ਜਾਂਦਾ ਹੈ ਕਿ ਉਪਰੋਕਤ ਸ਼ਬਦ ਵਿਚ ਗੁਰੂ ਜੀ ਮਾਇਕ ਪਦਾਰਥਾਂ ਦੇ ਛਿਨ-ਭੰਗਰੀ ਸੁਆਦ ਅਤੇ ਅਨੰਦ ਦਾ ਅਧਿਆਤਮਕ ਪ੍ਰਾਪਤੀਆਂ ਦੇ ਸਦੀਵੀ ਰਸ ਤੇ ਅਨੰਦ ਨਾਲ ਪਰਸਪਰ ਟਾਕਰਾ ਕਰ ਕੇ ਅਧਿਆਤਮ-ਵਾਦ ਨੂੰ ਪਦਾਰਥ-ਵਾਦ ਨਾਲੋਂ ਉਤਮ ਅਤੇ ਸੁਖਦਾਈ ਸਾਬਤ ਕਰ ਰਹੇ ਹਨ। ਗੁਰੂ ਪਾਤਸ਼ਾਹ ਦੀ ਅਧਿਆਤਮਕ ਦ੍ਰਿਸ਼ਟੀ ਵਿਚ "ਤੁਧੁ ਬਾਝੁ ਕੂੜੋ ਕੂੜੁ" ਹੈ। ਆਸਾ ਦੀ ਵਾਰ ਦੇ ਦਸਵੇਂ ਸਲੋਕ ਵਿਚ ਇਸ ਦੀ ਵਧੇਰੇ ਵਿਆਖਿਆ ਕੀਤੀ ਮਿਲਦੀ ਹੈ—

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਇ ਖਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ
ਸਭੁ ਜਗੁ ਚਲਣਹਾਰੁ ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥

ਸੋ ਸਾਰੀ ਵਿਚਾਰ ਦਾ ਸਿੱਟਾ ਇਹ ਨਿਕਲਿਆ ਕਿ ਉਪਰੋਕਤ ਸ਼ਬਦ ਵਿਚ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਅਸੀਂ ਮਾਇਕ ਰਸਾਂ ਕਸਾਂ ਵਿਚ ਖੱਚਤ ਹੋਣ ਦੀ ਬਜਾਇ ਨਾਮ-ਰਸ ਨੂੰ ਜੀਵਨ ਦਾ ਅਧਾਰ ਬਣਾਈਏ ਤਾਂ ਜੁ ਜੀਵਨ ਵਧੇਰੇ ਸੁਖੀ ਤੇ ਪ੍ਰਸੰਨ ਹੋਵੇ। ਫਿਰ ਸਮਝ ਨਹੀਂ ਪੈਂਦੀ ਕਿ ਉਪਰੋਕਤ ਸ਼ਬਦ ਦਾ ਮਾਸ ਖਾਣ ਦੇ ਹੱਕ ਵਿਚ ਕਿਵੇਂ ਹਵਾਲਾ ਦਿਤਾ ਜਾਂਦਾ ਹੈ। ਜਦ ਮਾਸ ਨੂੰ ਗੁਰਬਾਣੀ ਅੰਦਰ "ਕਰੰਗ ਬਿਖੁ" ਕਰ ਕੇ ਵਰਨਣ ਕੀਤਾ ਗਿਆ ਹੈ ਤਾਂ ਨਿਰਸੰਦੇਹ ਮਾਸ ਨਿੰਦਤ ਪਦਾਰਥ ਹੈ ਤੇ ਸਿਖ ਧਰਮ ਵਿਚ ਇਸ ਦੇ ਸੇਵਨ ਦੀ ਮਨਾਹੀ ਹੈ।

**ਕੀ ਮਾਸ ਖਾਣਾ ਵਿਕਾਰ ਪੈਦਾ ਨਹੀਂ ਕਰਦਾ?**

ਕੋਈ ਕਿਵੇਂ ਮੁੱਕਰ ਸਕਦਾ ਹੈ ਕਿ ਮਾਸ ਪ੍ਰਾਪਤ ਕਰਨ ਵਿਚ ਜ਼ੋਰ-ਜ਼ੁਲਮ ਦੀ ਵਰਤੋਂ ਹੁੰਦੀ ਹੈ। ਜ਼ੋਰ ਜ਼ੁਲਮ ਆਪਣੇ ਆਪ ਵਿਚ ਇਕ ਵੱਡਾ ਵਿਕਾਰ ਹੈ। ਮਾਸ ਦੇ ਖਾਣ ਨਾਲ ਮਨ ਦਾ ਨਿਰਦਈ ਹੋ ਜਾਣਾ ਹੀ ਇਕ ਵੱਡਾ ਵਿਕਾਰ ਹੈ। ਮਾਸ ਖਾਣ ਨਾਲ ਹੋਰ ਇੱਲਤਾਂ ਵੀ ਆ ਚੰਬੜੀਆਂ ਹਨ। ਮਾਸ ਖਾਣ ਵਾਲੇ ਪੁਰਸ਼ ਆਮ ਤੌਰ ਤੇ ਸ਼ਰਾਬੀ ਅਤੇ ਵਿਸ਼ੱਈ ਵੇਖਣ ਵਿਚ ਆਉਂਦੇ ਹਨ, ਪਰ ਸਾਡਾ ਮੁਖ ਤੌਰ ਤੇ ਸੰਬੰਧ ਮਾਸ-ਪ੍ਰਾਪਤੀ ਲਈ ਵਰਤੇ ਜ਼ੋਰ-ਜ਼ੁਲਮ ਨਾਲ ਹੈ ਜ਼ੋਰ ਜ਼ੁਲਮ ਨਾਲ ਪ੍ਰਾਪਤ ਕੀਤਾ ਮਾਸ ਛਕ ਕੇ ਨਾਮ ਜਪਣ ਲਈ ਮਨ ਦਾ ਟਿਕਾਅ ਕਿਵੇਂ ਸੰਭਵ ਹੋ ਸਕਦਾ ਹੈ?

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ
ਤਿਨ ਕਿਉ ਨਿਰਮਲੁ ਚੀਤੁ ॥
[ਸਲੋਕੁ ਮ: ੧, ਪੰਨਾ ੧੪੦

[ਅਰਥ:—ਜੇ ਕਪੜੇ ਉਤੇ ਖ਼ੂਨ ਦੀਆਂ ਛਿੱਟਾਂ ਪੈ ਜਾਣ ਨਾਲ ਪੁਸ਼ਾਕ ਅਪਵਿਤਰ ਹੋ ਜਾਂਦੀ ਹੈ (ਅਤੇ ਇਸ ਪੁਸ਼ਾਕ ਨੂੰ ਪਾ ਕੇ ਪੂਜਾ-ਪਾਠ, ਭਜਨ-ਬੰਦਗੀ ਵਿਚ ਬੈਠਣਾ ਉਚਿਤ ਨਹੀਂ) ਤਾਂ ਜਿਹੜੇ ਮਨੁਖ (ਜਾਨਵਰਾਂ ਦਾ ਮਾਸ ਖਾਣ ਨਾਲ ਉਨ੍ਹਾਂ ਦੀ) ਸਗਵੀਂ ਰਤ ਪੀਂਦੇ ਹਨ, ਉਨ੍ਹਾਂ ਦਾ ਚਿਤ ਕਿਵੇਂ ਪਵਿਤਰ ਹੋ ਸਕਦਾ ਹੈ।]

ਭਲਾ ਜੇ ਕੋਈ ਭਦਰ-ਪੁਰਸ਼ ਇਹ ਸ਼ੇਖੀ ਮਾਰੇ ਕਿ ਬਿਖ (ਤਮਾਕੂ) ਦਾ ਸੇਵਨ ਕਰ ਕੇ ਉਸ ਦੇ ਅੰਦਰ ਕੋਈ ਵਿਕਾਰ ਨਹੀਂ ਉਪਜਦਾ, ਤਾਂ ਕੀ ਉਸ ਲਈ ਤਮਾਕੂ ਸੇਵਨ ਦੀ ਕੋਈ ਮਨਾਹੀ ਨਹੀਂ?

ਸਾਰੇ ਜਾਣਦੇ ਹਨ ਕਿ ਤਮਾਕੂ ਦਾ ਸੇਵਨ ਆਪਣੇ ਆਪ ਵਿਚ ਇਕ ਵਡਾ ਵਿਕਾਰ ਹੈ ਤੇ ਇਸ ਦੇ ਨਤੀਜੇ ਮਾਰੂ ਹਨ। ਰਹਿਤਨਾਮਿਆਂ ਵਿਚ ਤਮਾਕੂ ਨੂੰ

[ਬਾਕੀ ਦੇਖੋ ਸਫ਼ਾ ੩੫ ਦੇ ਹੇਠ



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੮)

[ ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ ]

## ਦੋਵੇਂ ਦਲ ਵਖ ਵਖ ਦਿਸ਼ਾਵਾਂ ਨੂੰ–

ਸਰਹੰਦ ਮਾਰਨ ਪਿਛੋਂ ਇਸ ਦਿਆਂ ਇਲਾਕਿਆਂ ਦੀ ਵੰਡ-ਵੰਡਾਈ ਤੇ ਹੋਰਨਾਂ ਇਲਾਕਿਆਂ ਉਤੇ ਮੋਰਾਂ ਪੱਕੀਆਂ ਕਰਨ ਵਿਚ ਸਿੰਘਾਂ ਦਾ ਇਕ ਮਹੀਨੇ ਤੋਂ ਵੀ ਘਟ ਹੀ ਸਮਾਂ ਲਗਾ। ਅਜੇ ਬਣਾ ਕੇ ਵੇਹਲੇ ਨਹੀਂ ਸਨ ਹੋਏ, ਜਦ ਭਰਤਪੁਰੀਏ ਸੂਰਜ ਮੱਲ ਜਾਟ ਦੇ ਪੁਤਰ ਜਵਾਹਰ ਸਿੰਘ ਦੇ ਭੇਜੇ ਵਕੀਲ ਦਲ-ਖਾਲਸਾ ਦੇ ਜਰਨੈਲ ਸ: ਜੱਸਾ ਸਿੰਘ ਆਹਲੂਵਾਲੀਏ ਪਾਸ ਪੁਜੇ ਤੇ ਬੇਨਤੀ ਕੀਤੀ ਕਿ ਨਜੀਬਉਦੌਲਾ ਰੁਹੇਲਾ ਉਨ੍ਹਾਂ ਦੇ ਇਲਾਕੇ ਵਿਚ ਬੜਾ ਖਰੂਦ ਮਚਾ ਰਿਹਾ ਹੈ ਤੇ ਉਨ੍ਹਾਂ ਦਾ ਬੁਰੀ ਤਰ੍ਹਾਂ ਨੱਕ ਵਿਚ ਦਮ ਕੀਤਾ ਹੋਇਆ ਹੈ, ਰਾਜਾ ਸੂਰਜ ਮੱਲ—ਜਵਾਹਰ ਸਿੰਘ ਦਾ ਬਾਪ—ਨਜੀਬਉਦੌਲਾ ਨਾਲ ਲੜਦਾ ਹੋਇਆ ੨੫ ਦਸੰਬਰ ੧੭੬੩ ਨੂੰ ਮਾਰਿਆ ਗਿਆ ਹੈ, ਜਵਾਹਰ ਸਿੰਘ ਨਜੀਬ-ਉੱਦੌਲਾ ਦੇ ਮੁਕਾਬਲੇ ਤੇ ਬੜਾ ਕਮਜ਼ੋਰ ਹੈ, ਉਸ ਦੀ ਝਾਲ ਨਹੀਂ ਝਲ ਸਕੇਗਾ, ਇਸ ਲਈ ਖਾਲਸਾ ਜੀ ਮਿਹਰਬਾਨੀ ਕਰਕੇ ਜਵਾਹਰ ਸਿੰਘ ਦੀ ਸਹਾਇਤਾ ਕਰੇ ਤੇ ਨਜੀਬਉੱਦੌਲਾ ਨੂੰ ਉਸ ਦੇ ਗਲੋਂ ਲਾਹਵੇ। ਨਜੀਬਉੱਦੌਲਾ ਵੀ ਸਿੰਘਾਂ ਨੂੰ ਪੂਰੀ ਤਰ੍ਹਾਂ ਰੜਕਦਾ ਸੀ। ਇਹ ਹਿੰਦੁਸਤਾਨ ਵਿਚ ਅਹਿਮਦਸ਼ਾਹ ਅਬਦਾਲੀ ਦਾ ਬੜਾ ਵੱਡਾ ਹਮਾਇਤੀ ਸੀ। ਅਬਦਾਲੀ ਦੇ ਹਿੰਦੁਸਤਾਨ ਉਤੇ ਹੱਲਿਆਂ ਵਾਸਤੇ ਰਾਹ ਸਾਫ਼ ਕਰਨ ਵਾਲਾ ਹੀ ਇਹ ਸ਼ਖਸ ਸੀ। ਉਸ ਦਾ ਹੈ ਵੀ ਜ਼ਾਤ ਭਾਈ ਸੀ। ਅਹਿਮਦ ਸ਼ਾਹ ਦੇ ਹਿੰਦੁਸਤਾਨੀ ਹਮਾਇਤੀਆਂ ਨੂੰ ਸਿੰਘ ਅਹਿਮਦ ਸ਼ਾਹ ਜਿੰਨਾ ਹੀ ਹਿੰਦੁਸਤਾਨ ਦਾ ਦੁਸ਼ਮਨ ਤੇ ਖਤਰਨਾਕ ਸਮਝਦੇ ਸਨ। ਇਨ੍ਹਾਂ ਉਤੇ ਸੱਟ, ਉਹ ਅਹਿਮਦਸ਼ਾਹ ਉਤੇ ਸੱਟ ਸਮਝਦੇ ਸਨ।

---

(ਸਫ਼ਾ ੩੪ ਦੀ ਬਾਕੀ)

ਬਿਖ ਕਰ ਕੇ ਵਰਨਿਆ ਗਿਆ ਹੈ। ਇਸੇ ਲਈ ਹੀ ਤਮਾਕੂ ਅਤੇ ਹੋਰ ਨਸ਼ਿਆਂ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਤ ਹੈ।

ਮਾਸ ਇਕ ਵਿਕਾਰ-ਉਪਜਾਊ (passion provoking ) ਤੇ ਤਾਮਸਕ ਭੋਜਨ ਮੰਨਿਆ ਗਿਆ ਹੈ। ਇਹ ਮਨੁਖ ਦਾ ਕੁਦਰਤੀ ਅਹਾਰ ਨਹੀਂ ਤੇ ਇਸ ਦੇ ਸੇਵਨ ਕਰਨ ਨਾਲ ਸਰੀਰ ਅਤੇ ਮਨ ਦੋਹਾਂ ਉਤੇ ਕੁਦਰਤ-ਵਿਰੋਧੀ ਪ੍ਰਸਥਿਤੀਆਂ ਦਾ ਉਤਪੰਨ ਹੋਣਾ ਸੰਭਵ ਹੈ। ਮਾਸ ਜੀਵਾਂ ਨੂੰ ਕਟ ਵਢ ਕੇ ਪ੍ਰਾਪਤ ਹੁੰਦਾ ਹੈ ਅਤੇ ਇਹ ਮਲੇਛਾਂ ਦਾ ਖਾਣਾ ਹੈ। ਜੀਵਾਂ ਦਾ ਕਟਣਾ ਵਢਣਾ ਹਤਿਆ ਹੈ ਜੋ ਕਿ ਇਕ ਵਡਾ ਵਿਕਾਰ ਹੈ–

ਅਸੰਖ ਗਲ-ਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
[ਜਪੁਜੀ, ਪਉੜੀ ੧੮

ਜਦੋਂ ਹੀ ਕਿਸੇ ਦੇ ਮਨ ਵਿਚ ਜੀਭ ਦੇ ਚਸਕੇ ਅਧੀਨ ਮਾਸ ਖਾਣ ਦਾ ਸੰਕਲਪ ਉਤਪੰਨ ਹੁੰਦਾ ਹੈ ਓਸੇ ਵਕਤ ਉਸ ਦਾ ਮਨ ਵਿਕਾਰੀ ਹੋ ਜਾਂਦਾ ਹੈ। ਫਿਰ ਉਹ ਤੁਰਤ ਬੁੱਚੜ ਦੀ ਦੁਕਾਨ ਤੇ ਜਾ ਪੁਜਦਾ ਹੈ, ਨਹੀਂ ਤਾਂ ਆਪ ਹੀ ਬੁੱਚੜ ਬਣਨ ਤੇ ਉਤਰ ਆਉਂਦਾ ਹੈ।

ਹੈਰਾਨੀ ਹੁੰਦੀ ਹੈ ਜਦੋਂ ਕਿਸੇ ਗੁਰਸਿਖ ਨੂੰ ਇਹ ਆਖਦਿਆਂ ਸੁਣੀਦਾ ਹੈ ਕਿ ਮਾਸ ਖਾਣ ਨਾਲ ਅੰਦਰ ਵਿਕਾਰ ਪੈਦਾ ਨਹੀਂ ਹੁੰਦਾ।

ਸਵਾਲ ਸਿੱਧਾ ਹੈ ਕਿ ਜਿਸ ਪਦਾਰਥ ਨੂੰ ਗੁਰਬਾਣੀ ਅੰਦਰ "ਕਰੰਗ-ਬਿਖੂ" ਕਹਿ ਕੇ ਨਿੰਦਿਆਂ ਗਿਆ ਹੈ ਅਤੇ ਜਿਸ ਨੂੰ ਪ੍ਰਾਪਤ ਕਰਨ ਵਿਚ ਜ਼ੋਰ-ਜ਼ੁਲਮ ਕਰਨਾ ਪੈਂਦਾ ਹੈ, ਬੁੱਚੜ ਬਣਨ ਤਕ ਨੌਬਤ ਆਉਂਦੀ ਹੈ, ਉਸ ਦੀ ਵਰਤੋਂ ਗੁਰੂ ਦੇ ਸਿਖ-ਪੁੱਤਰਾਂ ਲਈ ਕਿਵੇਂ ਜਾਇਜ਼ ਹੈ?

(ਚਲਦਾ)



www.AKJ.Org

ਨਾਲੇ ਖਾਲਸੇ ਨੇ ਅਹਿਮਸ਼ਾਹ ਦੇ ਇਕ ਵਡੇ ਹਮਾਇਤੀ ਥੰਮ੍ਹ ਜ਼ੈਨ ਖਾਨ ਨੂੰ ਹੁਣੇ ਹੁਣੇ ਢਹਿਆ ਸੀ, ਜਿਸ ਨਾਲ ਮਾਲਵੇ ਉਤੋਂ ਦੁਰਾਨੀਆਂ ਦੇ ਰਾਜ ਦੀ ਛੱਟ ਲਹਿ ਗਈ ਸੀ। ਜ਼ੈਨ ਖਾਨ ਦੇ ਮਾਰਨ ਨਾਲ ਦੁਰਾਨੀ ਰਾਜ ਤੇ ਤਾਕਤ ਦਾ ਜੋ ਇਕ ਬੜਾ ਮਜ਼ਬੂਤ ਗੜ੍ਹ ਸੀ, ਸਦਾ ਲਈ ਟੁਟ ਗਿਆ ਸੀ। ਇਸ ਲਈ ਖਾਲਸਾ ਜੀ ਨੇ ਦੇਸ਼ ਦਿਆਂ ਵੈਰੀਆਂ ਦੇ ਹਥ-ਠੋਕੇ ਨੂੰ ਭੰਨ-ਤੋੜ ਸੁਟਣ ਲਈ ਇਕ ਭਰਵੀਂ ਸੱਟ ਮਾਰਨ ਵਾਸਤੇ ਜਵਾਹਰ ਸਿੰਘ ਦੀ ਇਮਦਾਦ ਕਰਨਾ ਮਨਜ਼ੂਰ ਕਰ ਲਿਆ। ਸਿੰਘ ਦੇਸ਼ ਦਿਆਂ ਦੁਸ਼ਮਣਾਂ ਦੇ ਖਿਲਾਫ਼ ਜਿਥੇ ਇਸ ਨੂੰ ਇਕ ਚੰਗਾ ਮੌਕਾ ਸਮਝਦੇ ਸਨ, ਇਸ ਨਾਲ ਹੋਰ ਕਈ ਫ਼ਾਇਦੇ ਵੀ ਸਮਝਦੇ ਸਨ। ਇਕ ਤਾਂ ਇਹ ਕਿ ਜਦ ਇਹੋ ਜਿਹੇ ਹੱਥ-ਠੋਕੇ ਭੰਨ ਗਵਾਏ ਤਾਂ ਅਹਿਮਦਸ਼ਾਹ ਵੀ ਹਿੰਦੁਸਤਾਨ ਵੱਲ ਸੋਚ ਸਮਝ ਕੇ ਮੂੰਹ ਕਰੂ, ਦੂਸਰਾ ਸਰਹੰਦ ਵਾਂਗ ਇਹੋ ਜਿਹੀਆਂ ਜਿੱਤਾਂ ਨਾਲ ਸਿੰਘਾਂ ਦਾ ਰੁਹਬ ਸਾਰੇ ਦੇਸ਼ ਵਿਚ ਤੇ ਬਾਹਰ ਵੀ ਜੰਮ ਜਾਵੇਗਾ। ਤੀਜਾ ਮਾਇਆ, ਹਥਿਆਰ ਅਤੇ ਘੋੜੇ ਹੱਥ ਆਉਣਗੇ, ਜੋ ਖਾਲਸਾ ਜੀ ਦੀ ਵਧਦੀ ਤਾਕਤ ਲਈ ਬੜੇ ਜ਼ਰੂਰੀ ਸਨ। ਜਵਾਹਰ ਸਿੰਘ ਨੇ ਦਾਰੂ ਸਿੱਕੇ ਤੋਂ ਇਲਾਵਾ ਤਿੰਨ ਲੱਖ ਦੇਣਾ ਵੀ ਮੰਨਿਆ ਸੀ। ਸਿੰਘ ਇਸ ਨੂੰ ਡੂੰਗੇ ਵਿਚ ਸਮਝਦੇ ਸਨ।

ਸ: ਜੱਸਾ ਸਿੰਘ ਆਹਲੂਵਾਲੀਏ ਨੇ ਝੱਟ ਦੂਜੇ ਸਰਦਾਰਾਂ ਨਾਲ ਜੰਗੀ ਮਸ਼ਵਰਾ ਕੀਤਾ ਤੇ ਯੁਧ-ਚਾਲ ਇਹ ਬਣਾਈ ਕਿ ਜਵਾਹਰ ਸਿੰਘ ਦੀ ਸਭ ਤੋਂ ਚੰਗੀ ਸਹਾਇਤਾ ਇੰਜ ਹੋਵੇਗੀ ਕਿ ਨਜੀਬੁੱਦੌਲਾ ਦੇ ਆਪਣੇ ਇਲਾਕੇ ਤੇ ਹਮਲਾ ਕੀਤਾ ਜਾਵੇ ਤੇ ਨਾਲ ਹੀ ਕੁਝ ਦਸਤੇ ਜਵਾਹਰ ਸਿੰਘ ਦੀ ਸਹਾਇਤਾ ਲਈ ਵੀ ਘਲੇ ਜਾਣ। ਜਦੋਂ ਉਸ ਨੂੰ ਆਪਣੇ ਇਲਾਕੇ ਉਤੇ ਹੋਏ ਹਮਲੇ ਦੀ ਖਬਰ ਲਗੂ, ਉਹ ਜਵਾਹਰ ਸਿੰਘ ਦਾ ਖਹਿੜਾ ਛੱਡ ਕੇ ਆਪਣੇ ਇਲਾਕੇ ਦੀ ਰਖਿਆ ਲਈ ਨਠੂ ਤੇ ਇਸ ਤਰ੍ਹਾਂ ਜਵਾਹਰ ਸਿੰਘ ਉਤੋਂ ਜ਼ੋਰ ਘਟੂ। ਇਹ ਬੜੀ ਸੁਹਣੀ ਤੇ ਨਿੱਗਰ ਵਿਉਂਤ ਸੀ। ਸੋ ਇਸ ਨੂੰ ਸਿਰੇ ਚੜ੍ਹਾਉਣ ਲਈ ਬੁੱਢਾ ਦਲ ਨੇ ਗੰਗ-ਦੁਆਬ ਵਿਚ ਨਜੀਬ ਦੇ ਇਲਾਕੇ, ਜਿਸ ਪਾਸੇ ਅੱਜ ਕਲ੍ਹ ਦੇ ਮੇਰਠ ਕਮਿਸ਼ਨਰੀ ਦਾ ਲਗ ਪਗ ਅੱਧਾ ਇਲਾਕਾ, ਪਰਗਣਾ ਬੂੜੀਆਂ ਅਤੇ ਗੰਗਾ ਪਾਰ ਬਿਜਨੌਰ ਦਾ ਬਹੁਤ ਸਾਰਾ ਇਲਾਕਾ ਸੀ, ਉਤੇ ਹਲਾ ਕਰਨ ਦੀ ਤਿਆਰੀ ਕਰ ਲਈ। (ਨਜੀਬੁਦੌਲਾ ਅਮੀਰ-ਉਲ-ਉਮਰਾ ਸੀ, ਇਸ ਲਈ ਇਸ ਨੂੰ ਜ਼ਰੂਰੀ ਤੌਰ ਤੇ ਦਿੱਲੀ ਹੀ ਰਹਿਣਾ ਪੈਂਦਾ ਸੀ। ਇਸ ਪਾਸੇ ਦੇ ਇਲਾਕੇ ਦਾ ਇੰਤਜ਼ਾਮ ਇਸਦੇ ਆਮਲਾਂ ਦੇ ਸਪੁਰਦ ਹੁੰਦਾ ਸੀ, ਜੋ ਜਮਨਾ ਤਕ ਇਸ ਸਾਰੇ ਪਾਸੇ ਦੀ ਬੜੀ ਮਜ਼ਬੂਤੀ ਨਾਲ ਰਾਖੀ ਕਰ ਸਕਦੇ ਸਨ)। ਇਸ ਤਿਆਰੀ ਦੇ ਨਾਲ ਹੀ ਸ: ਜੱਸਾ ਸਿੰਘ ਜੀ ਨੇ ਸਤਲੁਜੋਂ ਪਾਰ ਦੀਆਂ ਮਿਸਲਾਂ, ਭਾਵ, ਤਰੁਣਾ ਦਲ ਦਿਆਂ ਸਰਦਾਰਾਂ, ਸਰਦਾਰ ਚੜ੍ਹਤ ਸਿੰਘ ਸੁਰਰਚਕੀਆ, ਝੰਡਾ ਸਿੰਘ, ਗੰਡਾ ਸਿੰਘ ਭੰਗੀਆਂ, ਰਾਮਗੜ੍ਹੀਆ ਤੇ ਨਕਈ ਸਰਦਾਰਾਂ ਨੂੰ ਛੁਟੀ ਦੇ ਦਿਤੀ, ਤਾਂਕਿ ਉਹ ਜਾ ਕੇ ਇਕ ਵਾਰ ਆਪਣੇ ਆਪਣੇ ਇਲਾਕਿਆਂ ਦੀ ਸਾਰ ਲੈਣ। ਸੋ ਤਰੁਣਾ ਦਲ ਪੱਛਮ ਵਲ ਨੂੰ ਮੁੜ ਪਿਆ ਤੇ ਬੁੱਢਾ ਦਲ ਪੂਰਬ ਵਲ ਨੂੰ ਚੜ੍ਹਾਈ ਕਰ ਗਿਆ।

## *ਨਜੀਬੁੱਦੌਲਾ ਦੇ ਗੰਗਦੁਆਬ ਦੇ ਇਲਾਕੇ ਤੇ ਹਮਲਾ—*

### ਫਰਵਰੀ ੧੭੬੪ ਈਸਵੀ

ਸ: ਜੱਸਾ ਸਿੰਘ ਦੀ ਕਮਾਨ ਹੇਠ ਬੁੱਢਾ ਦਲ ਦੇ ਮਿਸਲਦਾਰ ਸ: ਖੁਸ਼ਹਾਲ ਸਿੰਘ, ਕਰੋੜਾ ਸਿੰਘ, ਤਾਰਾ ਸਿੰਘ ਗੈਬਾ, ਬਘੇਲ ਸਿੰਘ, ਗੁਰਬਖਸ਼ ਸਿੰਘ, ਭੰਗਾ ਸਿੰਘ, ਕਰਮ ਸਿੰਘ, ਸੁਧਾ ਸਿੰਘ, ਸੰਗਤ ਸਿੰਘ, ਰਾਇ ਸਿੰਘ ਆਦਿ ਨੇ ੪੦ ਹਜ਼ਾਰ ਘੋੜ-ਸਵਾਰਾਂ ਨਾਲ ੧੭੬੪ ਦੀ ਫਰਵਰੀ ਦੇ ਸ਼ੁਰੂ ਤੀਜੇ ਹਫਤੇ ਵਿਚ ਬੂੜੀਏ ਦੇ ਪਤਣੋਂ ਜਮਨਾ ਨੂੰ ਪਾਰ ਕੀਤਾ। ਏਥੋਂ ਅਗੇ ਮਿਥੇ ਹੋਏ ਥਾਵਾਂ ਤੇ ਟੀਚਿਆਂ ਉਤੇ ਵਖ ਵਖ ਸਰਦਾਰਾਂ ਦੀ ਕਮਾਨ ਥਲੇ ਨਜੀਬੁੱਦੌਲਾ



www.AKJ.Org

ਦਾ ਇਲਾਕਾ ਰਾਣ ਸੁਟਿਆ। ੨੦ ਫਰਵਰੀ ਤਕ ਸਹਾਰਨਪੁਰ ਦੇ ਜਾ ਉਦਾਲੇ ਹੋਏ ਤੇ ਸਹਾਰਨਪੁਰ ਸ਼ਹਿਰ ਤੇ ਉਸ ਦਾ ਸਾਰਾ ਇਲਾਕਾ ਮੁਕੰਮਲ ਤੌਰ ਤੇ ਮਾਰ ਲਿਆ।* ਇਸ ਦੀ ਖ਼ਬਰ ਜਦ ਨਜੀਬੁੱਦੌਲਾ ਨੂੰ ਲੱਗੀ ਤਾਂ ਹੱਥ ਪੈਰ ਫੁਲ ਗਏ। ਉਹ ਤਾਂ ਜਾਟਾਂ ਨੂੰ ਤਬਾਹ ਕਰਨ ਆਇਆ ਹੋਇਆ ਸੀ, ਇਹ ਮਗਰੋਂ ਉਸ ਨੂੰ ਕੀ ਆਫਤ ਪੈ ਗਈ! ਉਸ ਦੇ ਭਾ ਦੀ ਬਣ ਗਈ। ਦੂਜੇ ਪਾਸੇ ਦਲ ਦਾ ਉਹ ਹਿਸਾ ਜੋ ਜਵਾਹਰ ਸਿੰਘ ਦੀ ਸਹਾਇਤਾ ਲਈ ਆਇਆ ਸੀ, ਉਸ ਨੇ ਵੀ ਲੜਾਈ ਦਾ ਰੁਖ਼ ਪਲਟ ਦਿਤਾ। ਨਜੀਬ ਆਪਣੇ ਇਲਾਕੇ ਨੂੰ ਬਚਾਉਣ ਲਈ ਵਾਹੋਦਾਹੀ ਪਿਛਾਂਹ ਨੂੰ ਭਜ ਉਠਿਆ। ਜਾਂ ਉਸ ਨੇ ਆਪਣੇ ਇਲਾਕੇ ਦੀ ਹਾਲਤ ਅਖੀਂ ਡਿਠੀ ਤਾਂ ਉਸਦੀਆਂ ਅਖਾਂ ਅਗੇ ਅਨ੍ਹੇਰ ਛਾ ਗਿਆ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਸ ਮੁਸੀਬਤ ਨਾਲ ਕਿਵੇਂ ਪੂਰਾ ਉਤਰੇ। ਉਹ ਅੱਬੜ-ਵਾਹਿਆ ਇਕ ਸ਼ਹਿਰ ਦੇ ਬਚੱਾ ਲਈ ਅਗੇ ਵਧੇ ਤਾਂ ਸਿੰਘ ਦੂਜਾ ਸ਼ਹਿਰ ਜਾ ਦਬਾਉਣ। ਜੇ ਉਹ ਦੂਜੇ ਵਲ ਹੋਵੇ ਤਾਂ ਉਹ ਤੀਜੇ ਨੂੰ ਜਾ ਨੱਪਣ। ਥਾਂ ਥਾਂ ਝੜਪਾਂ ਵੀ ਹੋ ਰਹੀਆਂ ਸਨ, ਪਰ ਸਿੰਘਾਂ ਦੀ ਪੇਸ਼ਕਦਮੀ ਉਸ ਤੋਂ ਰੁਕਦੀ ਨਜ਼ਰ ਨਹੀਂ ਸੀ ਆ ਰਹੀ। ਨਜੀਬੁੱਦੌਲਾ ਨੇ ਆਪਣੇ ਇਲਾਕੇ ਦੀ ਮੁਸਲਮ ਆਬਾਦੀ ਨੂੰ ਵੀ ਇਸ਼ਤਿਆਲ ਦੁਆ ਕੇ ਸਿੰਘਾਂ ਦੇ ਟਾਕਰੇ ਲਈ ਖੜਾ ਕਰਨ ਦਾ ਯਤਨ ਕੀਤਾ, ਪਰ ਕੁਝ ਨਾ ਬਣਿਆ। ਇਸ ਤਰ੍ਹਾਂ ਥੋੜਿਆਂ ਜਿਹਿਆਂ ਦਿਨਾਂ ਵਿਚ ਹੀ ਖਾਲਸਾ ਜੀ ਨੇ ਸ਼ਾਮਲੀ, ਕਾਂਧਲਾ, ਅੰਬਲੀ, ਮੀਰਨਪੁਰ, ਦਿਓਬੰਦ ਅਤੇ ਮੁਜ਼ੱਫਰ ਨਗਰ, (ਮੁਜ਼ੱਫਰ ਨਗਰ ਦਿਆਂ ਸਯਦਾਂ ਦੀਆਂ ਬਸਤੀਆਂ ਖ਼ਾਸ ਤੌਰ ਤੇ ਲੁਟੀਆਂ ਗਈਆਂ ਸਨ) ਜੁਆਲਾਪੁਰ, ਕਨਖਲ, ਲੰਢੌਰਾ, ਅਤੇ ਨਜੀਬਾਬਾਦ ਆਦਿ ਉਤੇ ਰਜ ਰਜ ਕੇ ਝਪਟੇ ਮਾਰੇ। ਪਿੰਡਾਂ ਦੀ ਉਗਰਾਹੀ ਵਿਚ ਅਗੋਂ ਕੋਈ ਨਾ ਅੜਦਾ, ਨਜੀਬੁੱਦੌਲਾ ਬੜਾ ਪ੍ਰੇਸ਼ਾਨ ਸੀ ਕਿ ਉਸਦੀਆਂ ਅੱਖਾਂ ਦੇ ਸਾਮ੍ਹਣੇ ਉਸ ਦਾ ਇਲਾਕਾ ਵੈਰਾਨ ਹੁੰਦਾ ਜਾ ਰਿਹਾ ਸੀ ਤੇ ਉਹ ਕਰ ਵੀ ਕੁਝ ਨਹੀਂ ਸੀ ਸਕਦਾ। ਉਸ ਨੂੰ ਬਚੱਾ ਦਾ ਇਹੋ ਰਾਹ ਦਿਸਿਆ ਕਿ ਖਾਲਸਾ ਜੀ ਨੂੰ ਨਜ਼ਰਾਨਾ ਭੇਟ ਕਰੇ ਤੇ ਨਿਉਂ ਕੇ ਖਲਾਸੀ ਪਾਵੇ। ਉਸ ਨੇ ਝਟ ਖਾਲਸਾ ਜੀ ਪਾਸ ਵਕੀਲ ਘਲੇ ਤੇ ਗਿਆਰਾਂ ਲਖ ਰੁਪੈ ਭੇਟ ਕਰ ਕੇ ਬੇਨਤੀ ਕੀਤੀ ਕਿ ਉਸ ਦੇ ਇਲਾਕੇ ਨੂੰ ਬਖਸ਼ਿਆ ਜਾਵੇ ਤੇ ਵਾਪਸ ਆਪਣੇ ਦੇਸ਼ ਨੂੰ ਮੁੜ ਜਾਵੇ। ਚੂੰਕਿ ਹੁਣ ਤਕ ਖਾਲਸਾ ਜੀ ਦਾ ਮਨੋਰਥ ਪੂਰਾ ਹੋ ਚੁਕਿਆ ਸੀ, ਜਵਾਹਰ ਸਿੰਘ ਦੀ ਬਿਪਤਾ ਟਾਲ ਦਿਤੀ ਸੀ। ਨਜੀਬੁਦੌਲਾ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਸੁਕ-ਮਾਂਜ ਕਰ ਕੇ ਉਸ ਦੀ ਆਕੜ ਤੇ ਲੱਕ ਤੋੜਿਆ ਜਾ ਚੁਕਾ ਸੀ। ਇਹ ਅਹਿਮਦ ਸ਼ਾਹ ਅਬਦਾਲੀ ਦੇ ਅਸਰ ਰਸੂਖ਼ ਤੇ ਵੀ ਕਰਾਰੀ ਸੱਟ ਸੀ। ਸਿੰਘਾਂ ਦੇ ਹੱਥ ਮਾਇਆ ਦੇ ਗਫੇ ਤੇ ਹਥਿਆਰ ਘੋੜੇ ਵੀ ਕਾਫ਼ੀ ਆ ਗਏ ਸਨ। ਮੁਕਦੀ ਗੱਲ ਕਿ ਹਰ ਪਾਸਿਓਂ ਜੈ ਜੈਕਾਰ ਹੋ ਰਹੀ ਸੀ। ਇਸ ਲਈ ਸਿੰਘਾਂ ਨਜੀਬ ਪਾਸੋਂ ੧੧ ਲਖ ਲੈ ਕੇ ਉਸ ਦੀ ਆਕੜੀ ਹੋਈ ਧੌਣ ਨਿਵਾ ਦਿਤੀ। ਇਹੋ ਨਿਸ਼ਾਨੇ ਸਨ ਜੋ ਪੂਰੇ ਹੋ ਚੁਕੇ ਸਨ। ਦੂਜੇ ਪਾਸੇ ਜਵਾਹਰ ਸਿੰਘ ਨੇ ਵੀ ਤਿੰਨ ਲਖ ਨਕਦ ਤੇ ਹਥਿਆਰ ਭੇਟ ਕੀਤੇ ਸਨ। ਹੁਣ ਸ: ਜੱਸਾ ਸਿੰਘ ਜੀ ਨੇ ਪੰਜਾਬ ਨੂੰ ਮੁੜਨ ਦਾ ਹੁਕਮ ਦੇ ਦਿਤਾ। ਇਸ ਤਰ੍ਹਾਂ ਖਾਲਸਾ ਜੀ ਆਪਣਾ ਕਾਰਜ ਸਿਧ ਕਰ ਕੇ ਫਰਵਰੀ ਦੇ ਅਖੀਰ ਵਿਚ ਵਾਪਸ ਮੁੜ ਆਇਆ।*

ਗੰਗ ਦੁਆਬ ਤੇ ਸਭ ਤੋਂ ਪਹਿਲਾ ਖਾਲਸਈ

---

* ਸ: ਕਰਮ ਸਿੰਘ ਹਿਸਟੋਰੀਅਨ—ਇਤਿਹਾਸਕ ਖੋਜ ਪੰਨਾ ੧੦੬

* ਸਯਦ ਨੂਰੁੱਦੀਨ ਹਸਨ—ਅਹਿਵਾਲ-ਏ ਨਜੀਬੁੱਦੌਲਾ ਸਫ਼ਾ ੭੨-ਤਿ; ਤਹਿਮਾਸ ਖਾਨ—ਤਹਿਮਾਸ ਨਾਮਾ ਪੰਨਾ ੧੧੦ਓ; ਜੀ: ਆਰ: ਸੀ: ਵਿਲੀਅਮਜ—ਦੀ ਸਿਖਸ ਇਨ ਦੀ ਅੱਪਰ ਦਆਬ ਕਲਕਤਾ ਰੀਵੀਊ, ਜਿਲਦ ਪ੦ (੧੮੭੫) ਸਫਾ ੨੬; ਸਰ ਯਾਦੂ ਨਾਥ ਸਰਕਾਰ—ਫ਼ਾਲ ਆਫ਼ ਦੀ ਮੁਗਲ ਐਂਪਾਇਰ-ii, ਸਫ਼ਾ ੪੯੩; ਡਾ: ਗੰਡਾ ਸਿੰਘ—"ਅਹਿਮਦ ਸ਼ਾਹ ਦੁਰਾਨੀ" ਪੰਨਾ ੨੯੩


www.AKJ.Org

ਹਲਾ ਬਾਬਾ ਬੰਦਾ ਸਿੰਘ ਜੀ ਬਹਾਦਰ ਵਲੋਂ ੧੭੧੦ ਈ: ਵਿਚ ਹੋਇਆ ਸੀ। ਉਸ ਤੋਂ ਪਿਛੋਂ ੫੨ ਸਾਲ ਤਕ ਏਡਾ ਵੱਡਾ ਹਲਾ ਜਮਨਾ ਟੱਪ ਕੇ ਖਾਲਸਾ ਜੀ ਨੇ ਨਹੀਂ ਸੀ ਕੀਤਾ। ੧੭੬੩ ਈ: ਵਿਚ ਜ਼ੇਨ ਖਾਨ ਨਾਲ ਟੱਕਰ ਲੈਣ ਤੋਂ ਪਹਿਲਾਂ ਸਿੰਘਾਂ ਦੇ ਨਿਕੇ ਨਿਕੇ ਦਸਤੇ ਜਮਨਾ ਟੱਪ ਕੇ ਇਲਾਕੇ ਉਗ੍ਰਾਹੁੰਦੇ ਰਹੇ ਤੇ ਨਿਕੀਆਂ ਨਿਕੀਆਂ ਝੜਪਾਂ ਥਾਉਂ ਥਾਈਂ ਹੁੰਦੀਆਂ ਰਹੀਆਂ ਸਨ। ਜਿਸ ਵੇਲੇ ਨਜੀਬੁੱਦੌਲਾ ਸੂਰਜ ਮਲ ਜਾਟ ਨਾਲ ਲੜ ਰਿਹਾ ਸੀ, ਉਸ ਵੇਲੇ ਵੀ ਸਿੰਘਾਂ ਦੇ ਕਈ ਜਥੇ ਨਜੀਬੁੱਦੌਲਾ ਦੇ ਸੁੰਞੇ ਪਏ ਇਲਾਕੇ ਨੂੰ ਜਮਨਾ ਟਪ ਕੇ ਉਗ੍ਰਾਹ ਲਏ ਸਨ। ਸੂਰਜ ਮੱਲ ਦੀ ਮੌਤ ਪਿਛੋਂ (੨੫ ਦਸੰਬਰ ੧੭੬੩ ਈ:) ਜਦ ਨਜੀਬ ਨੇ ਇਸ ਪਾਸੇ ਵਲ ਧਿਆਨ ਦਿਤਾ ਤੇ ਫੌਜ ਏਧਰ ਨੂੰ ਵਧਾਈ ਤਾਂ ਇਨ੍ਹਾਂ ਜਥਿਆਂ ਦੀ ਪੇਸ਼ਕਦਮੀ ਰੁਕੀ ਤੇ ਨਜੀਬ ਦਾ ਪੱਲਾ ਭਾਰੀ ਹੋਣ ਕਰਕੇ ਸਿੰਘ ਵਾਪਸ ਜਮਨਾ ਪਾਰ ਕਰ ਗਏ।

[ਉਪਰ ਦਸਿਆ ਗਿਆ ਹਲਾ ਕੋਈ ੫੨, ੫੩ ਸਾਲ ਬਾਅਦ ਦਾ ਹੈ। ਇਸ ਤੋਂ ਪਿਛੋਂ ਤਾਂ ਫਿਰ ਹਰ ਸਾਲ ਤੇ ਕਈ ਵਾਰ ਸਾਲ ਵਿਚ ਦੋ ਦੋ ਵਾਰ ਵੀ ਹਲੇ ਹੁੰਦੇ ਰਹੇ। ਇੰਜ ਗੰਗ-ਦੁਆਬ ਉਤੇ ਖਾਲਸਈ ਹੱਲਿਆਂ ਦੀ ਗਿਣਤੀ ੧੭ ਹੈ। ਇਹ ਮੋਟੇ ਮੋਟੇ ਹਨ। ਇਨ੍ਹਾਂ ਵਿਚ ਉਹ ਹੱਲੇ ਸ਼ਾਮਲ ਨਹੀਂ ਜਿਹੜੇ ਨਿਕੇ ਨਿਕੇ ਸਰਦਾਰ ਦੋ ਦੋ ਚਾਰ ਚਾਰ ਰਲ ਕੇ ਜਮਨਾ ਪਾਰ ਕਰ ਕੇ ਕਰਿਆ ਕਰਦੇ ਸਨ। ਉਨ੍ਹਾਂ ਦੀ ਗਿਣਤੀ ਤੇ ਤਾਰੀਖਾਂ ਅਤੇ ਜਿਨ੍ਹਾਂ ਇਲਾਕਿਆਂ ਤੇ ਉਨ੍ਹਾਂ ਦਾ ਅਸਰ ਪੈਂਦਾ ਰਿਹਾ, ਇਸ ਤਰ੍ਹਾਂ ਆਪਸ ਵਿਚ ਉਲਝਿਆ ਹੋਇਆ ਹੈ ਕਿ ਇਨ੍ਹਾਂ ਨੂੰ ਤਫ਼ਸੀਲ ਨਾਲ ਸਿਲਸਿਲੇਵਾਰ ਕਰਨ ਲਈ ਕਾਫ਼ੀ ਮਿਹਨਤ ਤੇ ਖੋਜ ਪੜਤਾਲ ਦੀ ਲੋੜ ਹੈ। ਅਜੇ ਸਿਰਫ਼ ਉਨ੍ਹਾਂ ਵਾਕਿਆਤ ਦਾ ਹੀ ਜ਼ਿਕਰ ਕੀਤਾ ਜਾਵੇਗਾ ਜੋ ਗੁੰਝਲਾਂ ਸਾਫ਼ ਹੋਣ ਤੇ ਸਮਕਾਲੀ ਰਿਕਾਰਡ ਦੀ ਘਸਵਟੀ ਤੇ ਪੂਰੇ ਉਤਰਦੇ ਹਨ। ਸਵਰਨ ਸਿੰਘ]

## ਜਵਾਹਰ ਸਿੰਘ ਦੀ ਬੇਨਤੀ ਤੇ ਖਾਲਸਾ ਜੀ ਫਿਰ ਉਸ ਦੀ ਸਹਾਇਤਾ ਲਈ ਗਿਆ :- (ਦਸੰਬਰ ੧੭੬੪–ਫਰਵਰੀ ੧੭੬੫)

ਜਵਾਹਰ ਸਿੰਘ ਦੀ ਬੇਨਤੀ ਤੇ ਫਰਵਰੀ ੧੭੬੪ ਵਿਚ ਖਾਲਸਾ ਜੀ ਨੇ ਨਜੀਬੁੱਦੌਲਾ ਨੂੰ ਜਵਾਹਰ ਸਿੰਘ ਦੇ ਗਲੋਂ ਈ ਨਹੀਂ ਸੀ ਲਾਹਿਆ, ਸਗੋਂ ਉਸ ਤੋਂ ਚੰਗੀਆਂ ਨੱਕ ਨਾਲ ਲਕੀਰਾਂ ਵੀ ਕਢਵਾਈਆਂ ਸਨ। ਖਾਲਸਾ ਜੀ ਦੀ ਤਾਕਤ ਦਿਨ-ਬਦਿਨ ਵਧ ਰਹੀ ਸੀ। ਇਨ੍ਹਾਂ ਦੀ ਸਹਾਇਤਾ ਤੇ ਅਗੋਂ ਲਈ ਭਰੋਸੇ ਯੋਗ ਮਿਤਰਾਨਾ ਸੰਬੰਧਾਂ ਨੇ ਜਵਾਹਰ ਸਿੰਘ ਦਾ ਹੌਸਲਾ ਬਹੁਤ ਵਧਾ ਦਿਤਾ ਸੀ। ਉਸ ਦੇ ਦਿਲ ਵਿਚ ਆਪਣੇ ਪਿਉ ਦੀ ਮੌਤ ਰੜਕਦੀ ਸੀ। ਇਸ ਦਾ ਬਦਲਾ ਉਹ ਨਜੀਬੁੱਦੌਲਾ ਤੋਂ ਹਰ ਹਾਲਤ ਵਿਚ ਲੈਣਾ ਚਾਹੁੰਦਾ ਸੀ। ਉਸ ਨੇ ਮਿਠਤ ਨਾਲ ਤੇ ਨੀਵੇਂ ਹੋ ਕੇ ਮਲਹਾਰ ਰਾਓ ਹੁਲਕਰ ਨਾਲ ਗਾਂਢਾ-ਸਾਂਢਾ ਕੀਤਾ ਤੇ ਖਾਲਸਾ ਜੀ ਵਲ ਵੀ ਵਕੀਲ ਭੇਜ ਕੇ ਸਹਾਇਤਾ ਲਈ ਲਿਖਤੀ ਬੇਨਤੀ ਕੀਤੀ। ਇਸ ਵੇਲੇ ਦਿਲੀ ਦੇ ਬਾਦਸ਼ਾਹ ਸ਼ਾਹ ਆਲਮ ਦੂਜੇ ਪਾਸ ਅਹਿਮਦ ਸ਼ਾਹ ਦੁਰਾਨੀ ਵਲੋਂ ਕੁੱਲੀ ਕਾਰ ਮੁਖਤਿਆਰ ਤੇ ਅਮੀਰ-ਉਲਉਮਰਾ ਨਜੀਬੁੱਦੌਲਾ ਸੀ। ਇਹ ਦੁਰਾਨੀ ਦਾ ਵਕੀਲ ਮੁਤਲਕ ਸੀ, ਭਾਵ ਅਬਦਾਲੀ ਵਲੋਂ ਹਰ ਮੁਆਮਲੇ ਲਈ ਕਰਤਾ ਧਰਤਾ ਪੂਰਿਆਂ ਅਖ-ਤਿਆਰਾਂ ਨਾਲ ਸੀ। ਜਵਾਹਰ ਸਿੰਘ ਨੇ ਪੂਰੀ ਤਿਆਰੀ ਕੀਤੀ ਹੋਈ ਸੀ। ਖਾਲਸਾ ਜੀ ਦੀ ਠੋਸ ਇਮਦਾਦ ਦੇ ਭਰੋਸੇ ਤੇ ਇਸ ਨੇ ਦਿਲੀ ਉਤੇ ਹਲਾ ਬੋਲ ਦਿਤਾ। ੧੫ ਨਵੰਬਰ ੧੭੬੪ ਨੂੰ ਪਹਿਲੀ ਝੜਪ ਨਜੀਬੁੱਦੌਲਾ ਦੀਆਂ ਫੌਜਾਂ ਨਾਲ ਹੋਈ ਤੇ ੧੬ ਨਵੰਬਰ ਨੂੰ ਬੜੀ ਸਖਤ ਟਕਰ ਹੋਈ। ਮਲਹਾਰ ਰਾਓ ਹੁਲਕਰ ਨੂੰ ਪਾਨੀਪੱਤ ਵਿਚ ੧੭੬੧ ਵਾਲਾ ਅਹਿਮਦਸ਼ਾਹ ਅਬਦਾਲੀ ਅਜੇ ਨਹੀਂ ਸੀ ਭੁਲਾ ਤੇ ਉਸ ਦਾ, ਕੰਧਾਰ ਵਿਚ ਬੈਠਿਆਂ ਵੀ, ਉਹਦੇ ਦਿਲ ਤੇ ਉਂਜ ਹੀ ਹਊਆ ਕਾਇਮ ਸੀ। ਉਸ ਦੇ ਮਨ ਨੂੰ ਮੁੜ ਮੁੜ ਇਸ ਖ਼ਿਆਲੋਂ



www.AKJ.Org

ਕੰਬਣੀਆਂ ਆਉਂਦੀਆਂ ਸਨ ਕਿ ਜੇ ਸ਼ਾਹ ਆਲਮ ਦੂਜੇ ਦਾ ਜਾਂ ਨਜੀਬੁੱਦੌਲਾ ਦਾ ਕੋਈ ਨੁਕਸਾਨ ਹੋ ਗਿਆ ਤਾਂ ਦੁਰਾਨੀ ਆ ਕੇ ਉਸ ਦੇ ਸੀਰਮੇ ਪੀ ਲਵੇਗਾ। ਇਮਦਾਦ ਦੀ ਹਾਂ ਤਾਂ ਜਵਾਹਰ ਸਿੰਘ ਨੂੰ ਭਾਵੇਂ ਉਸ ਨੇ ਕਰ ਛਡੀ ਸੀ, ਪਰ ਜਦ ਉਸ ਨੇ ਧਾਵਾ ਬੋਲਿਆ ਤਾਂ ਹੁਲਕਰ ਇਕ ਆਮ ਤਮਾਸ਼ਾਈ ਵਾਂਗ ਤਮਾਸ਼ਾ ਵਿੰਹਦਾ ਰਿਹਾ ਤੇ ਉਸ ਦੀ ਬਿਲਕੁਲ ਕੋਈ ਮਦਦ ਨਾ ਕੀਤੀ। ਉਹਦੇ (ਜਵਾਹਰ ਸਿੰਘ ਦੇ) ਉਧਰ ਨਜੀਬੁੱਦੌਲਾ ਨਾਲ ਕੁੰਢ ਫਸ ਚੁਕੇ ਸਨ ਤੇ ਮਰਾਠਿਆਂ ਵਲੋਂ ਇਸ ਨਾਜ਼ਕ ਸਮੇਂ ਇਮਦਾਦ ਦੀ ਕੋਈ ਵੀ ਆਸ ਨਹੀਂ ਸੀ। ਪਰ ਖਾਲਸਾ ਜੀ ਅਹਿਮਦ ਸ਼ਾਹ ਅਬਦਾਲੀ ਨੂੰ ਕੀ ਸਮਝਦਾ ਸੀ। ਉਹ ਤਾਂ ਉਸ ਦੇ ਹਰ ਮੁਹੈਲ ਤੇ ਹਥ ਠੋਕੇ ਨੂੰ ਹਰ ਵੇਲੇ ਸੱਟ ਮਾਰਨ ਲਈ ਇਹੋ ਜਿਹੇ ਮੌਕੇ ਲਭਦੇ ਫਿਰਦੇ ਸਨ। ਇਸ ਨਾਜ਼ਕ ਸਮੇਂ ਜਦ ਲੜਾਈ ਵਿਚ ਨਜੀਬੁੱਦੌਲਾ ਦਾ ਪਾਸਾ ਭਾਰਾ ਹੁੰਦਾ ਜਾ ਰਿਹਾ ਸੀ, ਖਾਲਸਾ ਜੀ ਵੀ ਬਹੁੜ ਪਿਆ। ਸ: ਜਸਾ ਸਿੰਘ ਜੀ ਆਹਲੂਵਾਲੀਆ ਆਪਣੀ ਕਮਾਨ ਥਲੇ ੧੫ ਹਜ਼ਾਰ ਸਿੰਘ ਸੂਰਬੀਰ ਲੈ ਕੇ ਅੰਤ ਦਸੰਬਰ ੧੭੬੪ ਜਾਂ ਜਨਵਰੀ ੧੭੬੫ ਦੇ ਸ਼ੁਰੂ ਵਿਚ ਦਿਲੀ ਆਣ ਗੱਜੇ।

## *ਜਵਾਹਰ ਸਿੰਘ ਖਾਲਸਾ ਦਰਬਾਰ ਵਿਚ ਹਾਜ਼ਰ ਹੋਇਆ—*

ਖਾਲਸਾ ਜੀ ਦੇ ਬਰਾੜੀ ਘਾਟ ਤੇ ਪੁਜਣ ਦੀ ਖ਼ਬਰ ਸੁਣਦੇ ਸਾਰ ਹੀ ਜਵਾਹਰ ਸਿੰਘ ਜਮਨਾ ਲੰਘ ਕੇ ਉਨ੍ਹਾਂ ਨੂੰ ਮਿਲਣ ਲਈ ਹਾਜ਼ਰ ਹੋਇਆ। ਏਸ ਵੇਲੇ ਅਗੇ ਖ਼ਾਲਸਾ ਜੀ ਦਾ ਦੀਵਾਨ ਸੱਜਿਆ ਹੋਇਆ ਸੀ ਤੇ ਪੂਰੀ ਰਹਿਤ ਮਰਯਾਦਾ ਅਨੁਸਾਰ ਹਰ ਕੋਈ ਵੀਰ-ਆਸਣ ਬਿਰਾਜਮਾਨ ਸੀ। ਪਹਿਰਾ ਬੜਾ ਸਖਤ ਸੀ। ਇਹ ਇਕ ਜੰਗੀ ਇਕੱਠ ਸੀ ਤੇ ਵੇਖਣ ਵਾਲੇ ਲਈ ਅਜਬ ਸਮਾਂ ਸੀ। ਜਵਾਹਰ ਸਿੰਘ ਦੇ ਪਿਛੇ ਪਿਛੇ ਇਕ ਨੌਕਰ ਉਸ ਦਾ ਸੋਨੇ ਚਾਂਦੀ ਦਾ ਵਡਾ ਸਾਰਾ ਹੁੱਕਾ ਚੁਕੀ ਆਉਂਦਾ ਸੀ। ਪਹਿਰੇ ਵਾਲਿਆਂ ਸਿੰਘਾਂ ਨੇ ਉਸ ਨਫਰ ਨੂੰ ਹੁੱਕੇ ਸਮੇਤ ਬਾਹਰ ਹੀ ਰੋਕ ਦਿਤਾ। ਜਵਾਹਰ ਸਿੰਘ ਦਾ ਵੀ ਜੋੜਾ ਲੁਹਾ ਦਿਤਾ ਤੇ ਅੱਗੇ ਨੰਗੇ ਪੈਰੀਂ ਜਾਣ ਲਈ ਕਿਹਾ। ਇਸ਼ਾਰੇ ਨਾਲ ਉਸ ਨੂੰ ਸਮਝਾ ਦਿਤਾ ਤੇ ਉਹ ਵੀ ਮੱਥਾ ਟੇਕ ਕੇ ਬੈਠ ਗਿਆ। ਕੁਝ ਦੇਰ ਲਈ ਗੱਲ-ਬਾਤ ਹੋਈ ਤੇ ਪਿਛੋਂ ਅਰਦਾਸ ਲਈ ਸਾਰੇ ਖੜੇ ਹੋਏ। ਅਰਦਾਸ ਕਰਨ ਵਾਲੇ ਸਿੰਘ ਨੇ ਇਹ ਸ਼ਬਦ ਆਖੇ, "..ਹੇ ਦੀਨ ਬੰਧੂ, ਗਰੀਬ ਨਿਵਾਜ਼ ਮਿਹਰਬਾਨ ਸਤਿਗੁਰੂ ਜੀਓ, ਸੂਰਜ ਮੱਲ ਦਾ ਪੁਤਰ ਜਵਾਹਰ ਸਿੰਘ ਸਾਹਿਬ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ਼ਰਧਾਲੂ ਖ਼ਾਲਸਾ ਪੰਥ ਜੀ ਮਹਾਰਾਜ ਦੀ ਸ਼ਰਨ ਆਇਆ ਹੈ। ਹੇ ਸਚੇ ਪਾਤਸ਼ਾਹ ਅਕਾਲ ਪੁਰਖ ਜੀਓ ਆਪ ਜੀ ਦੀ ਅਪਾਰ ਕਿਰਪਾ ਨਾਲ ਆਪਣੇ ਪਿਉ ਦੀ ਮੌਤ ਦਾ ਬਦਲਾ ਆਪਣੇ ਜ਼ਾਲਮ ਵੈਰੀਆਂ ਤੋਂ ਲੈਣਾ ਚਾਹੁੰਦਾ ਹੈ" ਆਦਿ. ਫਿਰ ਅੰਤ ਵਿਚ ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ, ਖੁਆਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।" ਜਵਾਹਰ ਸਿੰਘ ਹੈਰਾਨ ਜਿਹਾ ਹੋ ਗਿਆ ਕਿ ਇਹ ਸਭ ਕੀ ਹੋ ਰਿਹਾ ਹੈ। ਉਸ ਦੇ ਵੱਸ ਦੀ ਗੱਲ ਵੀ ਨਹੀਂ ਸੀ। ਉਹ ਖਾਲਸਾ ਜੀ ਦੇ ਦੀਵਾਨਾਂ ਦੀ ਰਹੁ-ਰੀਤ ਤੇ ਢੰਗਾਂ ਬਾਰੇ ਬਿਲਕੁਲ ਨਾਵਾਕਿਫ਼ ਸੀ। ਉਸ ਨੇ ਦੀਵਾਨ ਵਿਚ ਇਹ ਆਪਣੀ ਪਹਿਲੀ ਵਾਰ ਹੀ ਹਾਜ਼ਰੀ ਭਰੀ ਸੀ। ਉਸ ਨੂੰ ਪਤਾ ਹੀ ਨਹੀਂ ਸੀ ਕਿ ਇਹ ਗੁਰੂ ਨਾਨਕ ਪਾਤਸ਼ਾਹ ਦਾ ਦਰਬਾਰ ਹੈ ਤੇ ਏਥੇ ਸਭ ਛੋਟੇ ਵਡੇ, ਅਮੀਰ ਗਰੀਬ, ਰਾਓ ਰੰਕ, ਸ਼ਹਿਨਸ਼ਾਹ ਤੇ ਕੰਗਾਲ ਸਭ ਇਕੋ ਜਿਹੇ ਤੇ ਬਰਾਬਰ ਹਨ। ਇਸ ਰੱਬੀ ਦਰਬਾਰ ਦਾ ਜਲਵਾ ਉਸ ਨੇ ਪਹਿਲੀ ਵਾਰ ਤੱਕਿਆ ਸੀ। ਉਸ ਦੇ ਦਿਮਾਗ਼ ਵਿਚ ਨਕਸ਼ਾ ਆਪਣੇ ਦਰਬਾਰਾਂ ਦਾ ਸੀ, ਜਿਥੇ ਰਾਜਿਆਂ ਤੇ ਬਾਦਸ਼ਾਹਾਂ ਤੇ ਆਉਣ ਵੇਲੇ ਸਾਰੇ ਲੋਕ ਹੱਥ ਜੋੜ ਕੇ ਸਿਰ ਝੁਕਾ ਕੇ ਬੜੀ ਨਿਮਰਤਾ ਨਾਲ ਉਨ੍ਹਾਂ ਨੂੰ ਸਲਾਮ ਜਾਂ ਨਮਸ਼ਕਾਰ ਕਰਿਆ ਕਰਦੇ ਸਨ। ਪਰ ਏਥੇ ਆਉਣ ਵਾਲਾ ਗਲ ਵਿਚ ਪਲਾ ਪਾ ਕੇ ਬੜੀ ਨਿਮਰਤਾ ਨਾਲ ਹਥ ਜੋੜ ਕੇ



www.AKJ.Org

ਨੰਗੀਂ ਪੈਰੀਂ ਆਉਂਦਾ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਨਜ਼ਰ-ਭੇਟ ਕਰ ਕੇ ਬੜੀ ਸ਼ਰਧਾ ਨਾਲ ਮੱਥਾ ਟੇਕ ਕੇ ਸਾਹਮਣੇ ਤੇ ਸਜੇ ਖਬੇ ਬੈਠੀ ਹੋਈ ਸੰਗਤ ਨੂੰ ਅਤਿਅੰਤ ਅਧੀਨਗੀ ਨਾਲ ਫਤਹ ਗਜਾ ਕੇ ਪਿਛਲੇ ਪੈਰੀਂ ਪਿਛਾਂਹ ਹਟਦਾ ਹੋਇਆ, ਮਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਪਾਸੇ ਪਿਠ ਹੋ ਜਾਏ, ਜਿਥੇ ਜਗ੍ਹਾ ਮਿਲ ਜਾਏ, ਬੜੀ ਪ੍ਰਸੰਨਤਾ ਨਾਲ ਬੈਠ ਜਾਂਦਾ ਹੈ। ਜਵਾਹਰ ਸਿੰਘ ਨੂੰ ਇਹ ਸਾਰਾ ਦ੍ਰਿਸ਼ ਅਤੇ ਰੰਗ ਢੰਗ ਅਨੋਖਾ ਅਨੋਖਾ ਲਗਾ। ਉਹ ਇਹ ਸਮਝਦਾ ਸੀ ਕਿ ਉਸ ਦੇ ਜਾਣ ਤੇ ਸਾਰੇ ਹਥ ਜੋੜ ਕੇ ਉਠ ਖੜਨਗੇ ਤੇ ਸਿਰ ਨਿਵਾ ਕੇ ਨਮਸਕਾਰ ਕਰਨਗੇ ਤੇ ਸਰਦਾਰ ਹੱਥ ਜੋੜ ਕੇ ਹੁਕਮ ਦੀ ਉਡੀਕ ਕਰਨਗ। ਪਰ ਏਥੇ ਹੋਇਆ ਬਿਲਕੁਲ ਉਲਟ। ਉਸ ਦੇ ਹੁਕਈ ਨੂੰ ਬਾਹਰ ਹੀ ਰੋਕ ਲਿਆ ਗਿਆ। ਉਸ ਦੇ ਆਪਣੇ ਜੋੜੇ (ਜੁਤੀ) ਵੀ ਲੁਹਾ ਲਏ ਗਏ। ਨਾ ਕੋਈ ਉਠਿਆ, ਨਾ ਕਿਸੇ ਹਥ ਜੋੜੇ, ਨਾ ਸਿਰ ਨਿਵਾਇਆ। ਉਸਨੂੰ ਆਪ ਮਥਾ ਟੇਕਕੇ ਸੰਗਤ ਵਿਚ ਬਹਿਣਾ ਪਿਆ। ਉਸ ਨੂੰ ਪਤਾ ਹੀ ਨਹੀਂ ਸੀ ਕਿ ਤਮਾਕੂ ਦੀ ਖਾਲਸਾ ਰਹਿਤ ਮਰਿਆਦਾ ਵਿਚ ਸਖਤ ਮਨਾਹੀ ਹੈ, ਇਸੇ ਲਈ ਉਸ ਦਾ ਹੁਕਈ ਬਾਹਰ ਰੋਕਿਆ ਸੀ। ਅਰਦਾਸ ਦੇ ਉਸ ਨਾਲ ਸੰਬੰਧਤ ਸ਼ਬਦ ਵੀ ਉਸ ਨੂੰ ਓਪਰੇ ਓਪਰੇ ਲਗੇ ਸਨ। ਭਾਵੇਂ ਇਹ ਸਭ ਕੁਝ ਉਸ ਨੂੰ ਕਿਵੇਂ ਵੀ ਮਹਿਸੂਸ ਹੋਇਆ ਹੋਵੇ, ਪਰ ਇਹ ਸਭ ਕੁਝ ਸੀ ਉਸ ਦੀ ਨਾਵਾਕਫੀ ਦੇ ਕਾਰਨ। ਖਾਲਸਾ ਜੀ ਦੀ ਸਹਾਇਤਾ ਦੀ ਉਸ ਨੂੰ ਸਖਤ ਲੋੜ ਸੀ। ਉਸ ਨੇ ਇਸ ਬਾਰੇ ਨਾ ਕੋਈ ਗਲ ਛੇੜੀ ਅਤੇ ਨਾ ਹੀ ਵਧਾਈ।

[ਭਲਾ ਵਧਾਉਂਦਾ ਵੀ ਕੀ ਤੇ ਕਿਸ ਤਰ੍ਹਾਂ? ਜਿਹੜਾ ਖਾਲਸਾ ਜੀ ਦਿਲੀ ਦੇ ਬਾਦਸ਼ਾਹ ਅਮੀਰ-ਉਲਉਮਰਾ ਨਜੀਬੁਦੌਲਾ ਤੇ ਅਹਿਮਦ ਸ਼ਾਹ ਦੁਰਾਨੀ ਵਰਗੇ ਜ਼ਬਰਦਸਤ ਬਾਦਸ਼ਾਹ ਤੇ ਚੋਟੀ ਦੇ ਜਰਨੈਲ, ਜਿਸ ਤੋਂ ਸਾਰਾ ਏਸ਼ੀਆ ਥਰ ਥਰ ਕੰਬਦਾ ਸੀ, ਨੂੰ ਟਿਚ ਸਮਝਦੇ ਸਨ, ਭਲਾ ਇਹੋ ਜਿਹੇ ਰਾਜਿਆਂ ਰਈਸਾਂ ਨੂੰ ਕੀ ਸਮਝਦੇ ਸਨ? ਨਾਲੇ ਖਾਲਸਾ ਜੀ ਨੂੰ ਸੱਦਿਆ ਵੀ ਉਸ ਨੇ ਆਪ ਸਨਿਮਰ ਬੇਨਤੀ ਕਰ ਕੇ ਸੀ। ਜੇ ਉਸ ਨੇ ਗੱਲ ਨੂੰ ਨਹੀਂ ਵਧਾਇਆ ਤਾਂ ਇਸ ਦਾ ਚੰਗਾ ਫਲ ਵੀ ਉਸ ਦੇ ਹੀ ਹੱਕ ਵਿਚ ਹੀ ਗਿਆ ਸੀ। ਗੱਲ ਵਧਾਉਣ ਦਾ ਫਲ ਕੀ ਹੁੰਦਾ? ਸੂਝਵਾਨ ਪਾਠਕ ਆਪ ਅਨੁਭਵ ਕਰ ਸਕਦੇ ਹਨ। —ਸਵਰਨ ਸਿੰਘ]

## ਖ਼ਾਲਸਾ ਜੀ ਨੇ ਕੀ ਕੀਤਾ?

ਖਾਲਸਾ ਜੀ ਨੇ ਜੰਗ ਦੀ ਉਸ ਵੇਲੇ ਦੀ ਸੂਰਤ ਹਾਲ ਨੂੰ ਜਾਂਚਿਆ ਤੋਲਿਆ। ਸ਼ਾਹੀ ਫੌਜ ਦਾ ਉੱਤਰ ਪਛਮ ਵਲ ਜ਼ੋਰ ਬਹੁਤਾ ਸੀ। ਇਸ ਪਾਸੇ ਜਾਟ ਫੌਜ ਦੀ ਕੋਈ ਦਾਲ ਨਹੀਂ ਸੀ ਗਲਦੀ। ਜਵਾਹਰ ਸਿੰਘ ਨੇ ਬੇਨਤੀ ਕੀਤੀ ਕਿ ਇਸ ਪਾਸੇ ਵਲੋਂ ਸਿੰਘ ਹਲਾ ਕਰਨ ਤੇ ਨਾਲ ਹੀ ਨਜੀਬੁਦੌਲਾ ਦਾ ਇਲਾਕਾ ਵੀ ਉਜਾੜਨ, ਤਾਂ ਕਿ ਉਸ ਦੀ ਤਾਕਤ ਉਸ ਪਾਸੇ ਵੱਲ ਵੀ ਵੰਡੀ ਜਾਵੇ। ਸਿੰਘਾਂ ਹੁਣ ਇਸ ਵਿਉਂਤ ਦੇ ਤਹਿਤ, ਕਿ ਵੈਰੀ ਨੂੰ ਦੰਮ ਨਾ ਲੈਣ ਦਿਓ, ਲਗਾਤਾਰ ਹਲੇ ਕਰਨੇ ਸ਼ੁਰੂ ਕਰ ਦਿਤੇ। ਕੁਝ ਦਸਤੇ ਘਲਾ ਕੇ ਨਜੀਬ ਦੇ ਇਲਾਕੇ ਤੇ ਹਲੇ ਕਰਾਉਣੇ ਅਰੰਭ ਦਿਤੇ। ਦਿਲੀ ਉਤੇ ਪੱਛਮ ਤੇ ਪਹਾੜ ਵਾਲੇ ਪਾਸਿਓਂ ਹਲਿਆਂ ਨੇ ਨਜੀਬ ਦੀ ਸੁਰਤ ਭੁਲਾ ਦਿਤੀ। ਨਜੀਬ ਦੇ ਟਾਕਰੇ ਤੇ ਸਿੰਘਾਂ ਪਾਸ ਕੋਈ ਤੋਪਖ਼ਾਨਾ ਨਹੀਂ ਸੀ। ਇਸ ਲਈ ਲੜਾਈ ਵਿਚ ਸਿੰਘ ਮਨ-ਇੱਛਤ ਨਤੀਜੇ ਨਾ ਕੱਢ ਸਕੇ। ਪਰ ਇਨ੍ਹਾਂ ਝਪਟਾਂ ਨੇ ਨਜੀਬ ਨੂੰ ਹਿਲਾ ਦਿਤਾ। ਦਿਲੀ ਦਾ ਵੀਹ ਵੀਹ ਕੋਹ ਤਕ ਚੁਫੇਰਾ ਸਿੰਘਾਂ ਨੇ ਰਗੜ ਮਾਂਜ ਸੁਟਿਆ। ਪਰ ਖਾਸ ਤੌਰ ਤੇ ਦਿਲੀ ਉਤੇ ਕੋਈ ਡੂੰਘਾ ਅਸਰ ਨਾ ਹੋਇਆ। ਤਿੰਨ ਕੁ ਦਿਨਾਂ ਦੀਆਂ ਝੜਪਾਂ ਕਾਰਨ ਨਜੀਬ ਜ਼ਿਚ ਹੋ ਕੇ ਸਿੰਘਾਂ ਵਾਲੇ ਪਾਸੇ ਬੜੇ ਜ਼ੋਰ ਨਾਲ ਪਿਆ। ਸਿੰਘਾਂ ਦੀ ਇਹੋ ਖ਼ਾਹਿਸ਼ ਸੀ ਕਿ ਨਜੀਬੁੱਦੌਲਾ ਫਸੀਲੋਂ ਬਾਹਰ ਆ ਕੇ ਉਨ੍ਹਾਂ ਨਾਲ ਲੜੇ। ਜਿਥੇ ਅਜ ਕਲ ਵਾਲੀ ਸਬਜ਼ੀ ਮੰਡੀ ਹੈ ਤੇ ਨਖਾਸ ਹੈ, ਇਸ ਥਾਂ ਉਤੇ ੪ ਫਰਵਰੀ ੧੭੬੫ ਨੂੰ ਸਿੰਘਾਂ ਤੇ ਨਜੀਬ ਦੀਆਂ ਫੌਜਾਂ ਵਿਚ ਬੜੀ ਘਮਸਾਨ ਦੀ ਲਹੂ-ਡੋਲ੍ਹਵੀਂ ਲੜਾਈ ਹੋ



www.AKJ.Org

ਪਈ। ਇਸ ਲੜਾਈ ਵਿਚ ਰੁਹੇਲਿਆਂ ਦਾ ਬੜਾ ਨੁਕਸਾਨ ਹੋਇਆ। ਉਹਨਾਂ ਨੂੰ ਹਾਰ ਖਾ ਕੇ ਪਿਛੇ ਹਟਣਾ ਪਿਆ।†

## *ਜਵਾਹਰ ਸਿੰਘ ਨੇ ਨਜੀਬੁਦੌਲਾ ਨਾਲ ਸੁਲਾਹ ਕਰ ਲਈ–*

ਲੜਾਈ ਅਜੇ ਕਿਸੇ ਪਾਸੇ ਨਹੀਂ ਸੀ ਲੱਗੀ ਕਿ ਖਬਰਾਂ ਉੱਡਣ ਲੱਗ ਪਈਆਂ ਕਿ ਨਜੀਬੁੱਦੌਲਾ ਦੀ ਸਹਾਇਤਾ ਲਈ ਘਲੀ ਹੋਈ ਅਰਜ਼ੀ ਤੇ ਅਹਿਮਦ ਸ਼ਾਹ ਕਾਬਲੋਂ ਤੁਰ ਪਿਆ ਹੈ ਅਤੇ ਪੰਜਾਬ ਆਣ ਪੁਜਾ ਹੈ। ਜਦ ਇਸ ਖਬਰ ਦੀ ਤਸਦੀਕ ਹੋ ਗਈ ਤਾਂ ਮਰਾਠਿਆਂ ਨੂੰ ਚਿੰਤਾ ਤੇ ਫਿਕਰ ਵਢ ਵਢ ਖਾਣ ਲੱਗ ਪਏ। ਭਾਵੇਂ ਉਨ੍ਹਾਂ ਦੋਗਲੀ ਜਿਹੀ ਨੀਤੀ ਅਪਣਾ ਕੇ ਨਜੀਬੁਦੌਲਾ ਦਾ ਕੋਈ ਖਾਸ ਨੁਕਸਾਨ ਨਹੀਂ ਸੀ ਹੋਣ ਦਿਤਾ, ਪਰ ਇਸ ਗਲੋਂ ਜਾਨ ਤੁੰਬੀਦੀ ਸੀ ਕਿ ਅਬਦਾਲੀ ਸਾਹਮਣੇ ਕਿਵੇਂ ਸਾਬਤ ਕਰਨਗੇ ਕਿ ਉਨ੍ਹਾਂ ਨਜੀਬ ਦੀ ਸਹਾਇਤਾ ਕੀਤੀ ਹੈ। ਨਜੀਬ ਦੀ ਸਹਾਇਤਾ ਤਾਂ ਤਦ ਬਣਦੀ ਸੀ ਜੇ ਉਹ ਖਾਲੀ ਤਮਾਸ਼ਾ ਨਾ ਵਿੰਹਦੇ ਸਗੋਂ ਨਜੀਬ ਵਲੋਂ ਹੋ ਕੇ ਲੜਦੇ। ਬਾਦਸ਼ਾਹ ਤਾਂ ਉਹ ਮੰਨੇਗਾ ਜੋ ਨਜੀਬ ਕਹੇਗਾ। ਮਰਹਟੇ ਬੁਜ਼ਦਿਲੀ ਦੇ ਚਿਕੜ ਵਿਚ ਫਸ ਕੇ ਹੋਰ ਧਸਦੇ ਗਏ। ਮਲਹਾਰ ਰਾਓ ਹੁਲਕਰ ਅਬਦਾਲੀ ਦੇ ਆਉਣ ਤੋਂ ਪਹਿਲਾਂ ਪਹਿਲਾਂ ਇਸ ਲੜਾਈ ਨੂੰ ਫ਼ਰੀਕਾਂ ਵਿਚ ਸੁਲਹਾ ਕਰਾ ਕੇ ਨਿਬੇੜ ਕੇ ਆਪਣੀ ਖੱਲ ਬਚਾਉਣਾ ਚਾਹੁੰਦਾ ਸੀ। ਹੁਲਕਰ ਨੇ ਚਾਲ ਚਲ ਕੇ ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਨੂੰ ਭੀ, ਜੋ ਸੂਰਜ ਮਲ ਜਾਟ ਦੇ ਸਮੇਂ ਵਿਚ ਦਿਲੀਓਂ ਭਜ ਕੇ ਭਰਤ ਪੁਰ ਵਿਚ ਪਨਾਹਗਜ਼ੀਨ ਹੋਇਆ ਬੈਠਾ ਸੀ, ਨਾਲ ਮਿਲਾ ਕੇ ਅੰਦਰ ਖਾਤੇ ਨਜੀਬ ਨਾਲ ਸੁਲ੍ਹਾ ਦੀ ਗੱਲ ਤੇ ਕਰ ਲਈ। ਨਜੀਬ ਤਾਂ ਬੜਾ ਜ਼ਿਚ ਸੀ, ਉਹ ਸਹਿਜੇ ਹੀ ਮੰਨ ਗਿਆ। ਪਰ ਜਵਾਹਰ ਸਿੰਘ ਸੁਲਹਾ ਕਰ ਲੈਣ ਨੂੰ ਆਪਣੇ ਹਕ ਵਿਚ ਨਹੀਂ ਸੀ ਸਮਝਦਾ। ਪਰ ਜਵਾਹਰ ਸਿੰਘ ਦੇ ਪੁਰਾਣੇ ਸਰਦਾਰ, ਜੋ ਸੂਰਜ ਮਲ ਦੇ ਵੇਲੇ ਦੇ ਸਨ, ਜਵਾਹਰ ਸਿੰਘ ਨਾਲ ਦਿਲੋਂ ਖੁਸ਼ ਨਹੀਂ ਸਨ, ਅੰਦਰ ਖਾਨਿਓਂ ਉਹ ਵੀ ਉਸਦੀ ਹਾਰ ਹੀ ਚਾਹੁੰਦੇ ਸਨ। ਜਦ ਜਵਾਹਰ ਸਿੰਘ ਨੇ ਵੇਖਿਆ ਕਿ ਮਲਹਾਰ ਰਾਓ ਤੇ ਇਮਾਦੁਲ-ਮੁਲਕ ਗਾਜ਼ੀ-ਉ-ਦੀਨ ਵੀ ਵੈਰੀ ਨਾਲ ਮਿਲ ਗਏ ਹਨ ਤੇ ਕੁਝ ਕੁ ਆਪਣੇ ਸਰਦਾਰ ਵੀ ਉਸ ਦੇ ਨਾਲ ਨਹੀਂ, ਉਹ ਵੀ ਯਰਕ ਗਿਆ ਤੇ ਸੁਲਾਹ ਕਰ ਲੈਣ ਲਈ ਮੰਨ ਗਿਆ। ਖਾਲਸਾ ਜੀ ਨੂੰ ਇਸ ਅੰਦਰੋ ਅੰਦਰ ਹੋ ਰਹੀ ਘੁਸਰ ਮੁਸਰ ਦਾ ਕੋਈ ਪਤਾ ਨਾ ਲੱਗਾ। ਕਿਉਂਕਿ ਖਾਲਸਾ ਜੀ ਨਹੀਂ ਸੀ ਸਮਝਦਾ ਕਿ ਮਰਹੱਟੇ ਏਨੀ ਕਮਜ਼ੋਰੀ ਵਿਖਾਉਣਗੇ ਅਤੇ ਜਵਾਹਰ ਸਿੰਘ ਏਡੀ ਛੇਤੀ ਯਰਕ ਜਾਵੇਗਾ। ਉਨ੍ਹਾਂ ਨੂੰ ਓਦੋਂ ਯਕੀਨ ਆਇਆ ਜਦ ਜਵਾਹਰ ਸਿੰਘ ਸਭ ਕੁਝ ਮੰਨ ਕੇ ੧੯ ਫਰਵਰੀ ਨੂੰ ਆਪਣਾ ਮਾਲ ਅਸਬਾਬ ਲਪੇਟ ਕੇ ਭਰਤ ਪੁਰ ਦੇ ਰਾਹੇ ਪੈ ਗਿਆ।‡

ਏਸ ਸੂਰਤ ਹਾਲ ਵਿਚ ਖਾਲਸਾ ਜੀ ਦਾ ਹੁਣ ਏਥੇ ਰਹਿਣ ਦਾ ਕੋਈ ਮਨੋਰਥ ਨਹੀਂ ਸੀ। ਅਹਿਮਦ ਸ਼ਾਹ ਪੰਜਾਬ ਵਿਚ ਪੁੱਜ ਚੁੱਕਿਆ ਸੀ ਤੇ ਉਸ ਦੇ ਯੋਗ ਸੁਆਗਤ ਲਈ ਖਾਲਸਾ ਜੀ ਦਾ ਅਪੜਨਾ ਜ਼ਰੂਰੀ ਸੀ। ਇਸ ਲਈ ਤੁਰੰਤ ਕੂਚ ਦੀ ਤਿਆਰੀ ਕਰ ਕੇ ਕੂਚ ਦਾ ਨਗਾਰਾ ਵਜਾ ਦਿਤਾ।

(ਚਲਦਾ)

---

† ਸ੍ਰੀ ਕੇ. ਆਰ. ਕਾਨੂੰਗੋ—ਹਿਸਟਰੀ ਆਫ ਦੀ ਜਾਟਸ ਪੰਨਾ ੧੭੬.

‡ ਸਯਦ ਨੂਰੁੱਦੀਨ ਹਸਨ—ਅਹਿਵਾਲ-ਏ-ਨਜੀਬੁੱ-ਦੌਲਾ ਪੰਨਾ ੭੭-੧੦੯.

ਸਰ ਯਾਦੂ ਨਾਥ ਸਰਕਾਰ—ਫਾਲ ਆਫ਼ ਦੀ ਮੁਗਲ ਐਂਪਾਇਰ ਜਿਲਦ ਦੂਜੀ ਪੰਨਾ ੪੫੮-੫੯।

ਕੇ. ਆਰ. ਕਾਨੂੰਗੋ—ਹਿਸਟਰੀ ਆਫ ਦੀ ਜਾਟਸ ਪੰਨਾ ੧੭੪-੧੭੯.


www.AKJ.Org

ਵਲੋਂ—ਗਿ: ਗੋਪਾਲ ਸਿੰਘ ਜੀ ਮਿਤਰ, ਮਾਲਬ

# ਮਿਲ ਬੈਠੋ ਤੇ ਕਰੋ ਉਪਾਅ ਵੀਰੋ

ਸਿੱਖੀ ਏਕਤਾ ਦੇ ਸੋਹਣੇ ਮਹਿਲ ਅੰਦਰ, ਫੁਟ ਚੰਦਰੀ ਦੀ ਹਾਏ ਤ੍ਰੇੜ ਪੈ ਗਈ।
ਕੀਤਾ ਕਰਤਿਆ ਮਿਲ ਗਿਆ ਖ਼ਾਕ ਅੰਦਰ, ਪੰਥਕ ਆਗੂਆਂ ਵਿਚ ਦੁਫੇੜ ਪੈ ਗਈ।
ਸੱਚੀ ਗੱਲ ਏ ਚਮਨ ਦੇ ਰਾਖਿਆਂ ਨੇ, ਪੁੰਗਰੇ ਬੂਟਿਆਂ ਦੀ ਜੜ੍ਹੀਂ ਤੇਲ ਦਿਤੇ।
ਚੋਣ-ਘੋਲ ਨੇ ਏਸੇ ਲਈ ਮਾਰ ਧੱਕਾ, ਜਥੇ-ਬੰਦੀ ਨੂੰ ਪਿੱਛੇ ਧਕੇਲ ਦਿਤੇ।
ਜੋ ਕੁਝ ਹੋ ਗਿਆ ਰੋਸ ਨਾ ਕਰੋ ਉਸ ਤੇ, ਮਿਲ ਬੈਠੋ ਤੇ ਕਰੋ ਉਪਾਅ ਵੀਰੋ।
ਨਾਮ ਰਹੇ 'ਅਕਾਲੀ' ਸਦੀਵ ਉਚਾ, ਦੇ ਰਿਹਾ ਏ 'ਮਿੱਤਰ' ਸੁਝਾ ਵੀਰੋ।

---

# ਪੁੰਗਰਦੀ ਪਨੀਰੀ ਅੱਜ ਸੰਭਾਲ ਦੀ ਮੁਥਾਜ ਏ

ਫਲ ਉਹੀ ਟਹਿਕਦੇ ਨੇ ਸਦਾ ਸੰਸਾਰ ਵਿਚ,
ਪਾਲੇ ਗਏ ਹੋਣ ਜਿਹੜੇ ਲਾਡ ਤੇ ਪਿਆਰ ਵਿਚ।
ਮਿਲਦਾ ਰਹੇ ਪਾਣੀ ਜੇਕਰ ਸਦਾ ਗੁਲਜ਼ਾਰ ਵਿਚ,
ਕਰਦਾ ਰਹੇ ਰਾਖੀ ਮਾਲੀ ਪਤਝੜ ਬਹਾਰ ਵਿਚ।
ਏਸ ਰਾਹੋਂ ਖੁੰਝਿਆ ਅਜ ਦਿਸਦਾ ਸਮਾਜ ਏ।
ਪੁੰਗਰਦੀ ਪਨੀਰੀ ਅਜ ਸੰਭਾਲ ਦੀ ਮੁਥਾਜ ਏ ।੧।

ਮਾਪਿਆਂ ਨੇ ਬੱਚੇ ਦੇ ਭਵਿੱਖ ਨੂੰ ਬਣਾਨਾ ਏ।
ਧਰਮ ਦਾ ਭਾਵ ਉਸਦੇ ਹਿਰਦੇ 'ਚ ਟਿਕਾਣਾ ਏ।
ਧਰਮ ਕੀ ਏ ? ਸਮੇਂ ਅਨੁਸਾਰ ਸਮਝਾਣਾ ਏ।
ਉੱਚ ਆਦਰਸ਼ ਵਲੀ ਟੀਸੀ ਤੇ ਪੁਚਾਣਾ ਏ।
ਚਾਰੇ ਪਾਸੇ ਗੂੰਜਦੀ ਅਜ ਇਹੋ ਆਵਾਜ਼ ਏ :
ਪੁੰਗਰਦੀ ਪਨੀਰੀ ਅੱਜ ਸੰਭਾਲ ਦੀ ਮੁਥਾਜ਼ ਏ ।੨।

ਲੋੜ ਹੈ ਕਿ ਦੇਸ ਦਾ ਹਰ ਬੱਚਾ ਬਲਵਾਨ ਹੋਵੇ।
ਸਾਇੰਸਦਾਨ ਹੋਵ, ਹਰ ਪਖੋਂ ਵਿਦਵਾਨ ਹੋਵੇ।
ਸਾਹਿਤਕਾਰ ਹੋਵੇ ਅਤੇ ਪੁਰਖ ਮਹਾਨ ਹੋਵੇ।
ਸਭ ਕੁਝ ਪਿਛੋਂ, ਪਹਿਲੇ ਧਰਮ ਦਾ ਗਿਆਨ ਹੋਵੇ।
ਕੀਤੀ ਚਲੋ ਉਦਮ ਅਗੇ ਕਰਤੇ ਨੂੰ ਲਾਜ ਏ।
ਪੁੰਗਰਦੀ ਪਨੀਰੀ ਅਜ ਸੰਭਾਲ ਦੀ ਮੁਥਾਜ ਏ ।੩।

---

# ਭਾਈ ਆਸਾ ਸਿੰਘ ਜੀ ਬਾਹਰੀ ਵਿਛੜ ਗਏ

ਸਾਡੇ ਡਾਢੇ ਪਿਆਰੇ ਮੇਲੀ, ਅਖੰਡ ਕੀਰਤਨੀ ਜਥੇ ਦੇ ਪੁਰਾਣੇ ਤੇ ਨਿਰਮਾਣ ਸੇਵਕ, ਮਿਠਬੋਲੜੇ, ਸੁਸ਼ੀਲ ਸੁਭਾਅ, ਗੰਭੀਰ ਮੂਰਤੀ ਸ੍ਰੀ ਭਾਈ ਆਸਾ ਸਿੰਘ ਜੀ ਆਪਣੀ ਯਾਤਰਾ ਪੂਰੀ ਕਰ ਕੇ ਮਿਤੀ ੧੮ ਦਸੰਬਰ ੧੯੭੯ ਨੂੰ ਗੁਰਪੁਰੀ ਪਿਆਨੇ ਕਰ ਗਏ ਹਨ। ਜੰਮੂ ਕਸ਼ਮੀਰ ਵਿਚ ਓਵਰਸੀਅਰੀ ਦੀ ਸਰਵਿਸ ਤੋਂ ਬਾਅਦ ਪਾਕਿਸਤਾਨ ਬਣਨ ਤੋਂ ਪਿਛੋਂ ਸ੍ਰੀ ਅੰਮ੍ਰਿਤਸਰ ਵਿਖੇ ਵੀਹ ਸਾਲ ਦੇ ਕਰੀਬ ਮਿਉਂਸਪਲ ਕਮੇਟੀ ਵਿਚ ਸਰਵਿਸ ਕੀਤੀ। ਸਰਕਾਰੀ ਨੌਕਰੀ ਪਬਲਿਕ ਦੀ ਸੇਵਾ ਸਮਝ ਕੇ ਕੀਤੀ। ਆਪ ਦਾ ਬੁੰਗਾ ਕੌਲਸਰ ਦੇ ਲਾਗੇ ਸੀ ਅਤੇ ਜਿੰਨਾ ਚਿਰ ਸ੍ਰੀ ਅੰਮ੍ਰਿਤਸਰ ਰਹੇ, ਸ੍ਰੀ ਹਰਿਮੰਦਰ ਸਾਹਿਬ ਦੀ ਅੰਦਰਲੀ ਰਾਤ ਦੇ ਇਸ਼ਨਾਨ ਦੀ ਸੇਵਾ ਨਿਭਾਂਦੇ ਰਹੇ। ਆਪ ਜੀ ਨਿਰਮਾਣ ਸ੍ਰੀ ਅਖੰਡ ਪਾਠੀ ਸਨ। ਅੰਤਲੇ ਕੁਝ ਸਾਲ ਆਪਣੇ ਲੜਕੇ ਪਾਸ ਦਿਲੀ ਜਾ ਠਹਿਰੇ ਸਨ ਅਤੇ ਉਥੇ ਹੀ ਆਪ ਜੀ ਸਾਰੇ ਪਰਵਾਰ ਤੇ ਸਤਸੰਗੀਆਂ ਨੂੰ ਵਿਛੋੜਾ ਦੇ ਗਏ। ਸੱਚੇ ਪਾਤਸ਼ਾਹ ਆਪ ਜੀ ਦੀ ਆਤਮਾ ਨੂੰ ਸੁਖ-ਸ਼ਾਂਤੀ ਤੇ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

---

**ਸੋਧ ਕੇ ਪੜ੍ਹੋ—** ਪੰਨਾ ੯, ਕਾਲਮ ੧, ਸਤਰ ੧੫—ਡਿਊਟੀ ਦੀ ਥਾਂ ਡਿਉਢੀ
ਪੰਨਾ ੧੩, ਕਾਲਮ ੨, ਸਤਰ ੨੮—ਸਰਾਬਿ ਦੀ ਥਾਂ ਸਾਹਿਬ

---

ਅਖੰਡ ਕੀਰਤਨੀ ਜਥੇ ਦੇ ਹਿਸਾਬ ਕਿਤਾਬ ਵਿਚ ਕੋਈ ਖਾਸ ਨਵੀਂ ਐਂਟਰੀ ਨਹੀਂ ਹੈ, ਸੋ ਅਗਲੇ ਮਹੀਨੇ ਦਿਆਂਗੇ।

ਮੈਨੇਜਰ

www.AKJ.Org

# ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਬਾਰੇ ਵਿਚਾਰ

ਦੂਰ ਨੇੜੇ ਵਿਚਰ ਰਹੀਆਂ ਸਮੂਹ ਇਲਾਕਿਆਂ, ਸ਼ਹਿਰਾਂ ਅਤੇ ਪਰਦੇਸਾਂ ਦੀਆਂ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਵਿਸਾਖੀ ੧੯੮੦ ਦੇ ਸਮਾਗਮ ਤੇ ਸ੍ਰੀ ਅੰਮ੍ਰਿਤਸਰ ਜੀ ਵਿਖੇ ਹੁਮ ਹੁਮਾ ਕੇ ਪੁਜਣ, ਤਾਂ ਜੁ ਨਾਮ ਬਾਣੀ ਦੇ ਲਾਹੇ ਲੈਣ ਤੋਂ ਇਲਾਵਾ ਜਥੇ ਦੀ ਸਮੂਹਕ ਵਿਚਾਰਧਾਰਾ ਅਨੁਸਾਰ ਜਥੇਬੰਦੀ ਦਾ ਨਵਾਂ ਪ੍ਰਬੰਧਕੀ ਢਾਂਚਾ, ੧੪-੪-੮੦ ਨੂੰ ਸਵੇਰੇ ਭੋਗ ਤੋਂ ਬਾਦ ਉਲੀਕਿਆ ਜਾ ਸਕੇ। ਵੈਸਾਖੀ ਦੇ ਸਮਾਗਮ ਤਕ ਇਸ ਮਸਲੇ ਨੂੰ ਚੰਗੀ ਤਰ੍ਹਾਂ ਘੋਖਣ ਲਈ ਸੰਗਤਾਂ ਨੂੰ ਕਾਫ਼ੀ ਸਮਾਂ ਪਹਿਲਾਂ ਜਨਵਰੀ ਦੇ ਪਰਚੇ ਤੋਂ ਬਿਨੈ ਕੀਤੀ ਜਾ ਰਹੀ ਹੈ। ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ)

---

## *ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਦੀ ਯੂ. ਕੇ. ਤੋਂ ਸੰਗਤਾਂ ਪ੍ਰਤੀ ਬੇਨਤੀ*

ਸਰਬੱਤ ਸੰਗਤਾਂ ਦੀ ਧੂੜੀ ਕਰ ਇਸ਼ਨਾਨ ਕਰ ਬੰਦਨਾ ਲਖ ਬਾਰ ਵਾਰਨੇ ਬਲਿਹਾਰਨੇ ਹੋ ਧੂੜੀ ਚੁੰਮ ਚੁੰਮ ਧੂੜੀ ਵਿਚ ਲੇਟ ਲੇਟ ਧੂੜੀ ਤੋਂ ਕੁਰਬਾਨ ਹੋ ਹੋ ਵਾਹਿਗੁਰੂ ਜੀ ਕਾ ਖਾਲਸਾ ਵਹਿਗੁਰੂ ਜੀ ਕੀ ਫਤਹ।

ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ ॥

ਹਉ ਪੁਕਾਰੀ ਦਰਿ ਖਲੀ ਹਉ ਪੁਕਾਰੀ ਦਰਿ ਖਲੀ।

ਸਾਡੀ ਕੂਕ ਪੂਕਾਰ ਸਾਡੇ ਲਈ ਅਰਦਾਸਾਂ ਜੋ ਤੜੀਆਂ ਕਰਨੀਆਂ ਜੀਉ। ਕੂਕਰ ਜੀਵਨ ਸਿੰਘ

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਦਾਸ ਦੇ ਗ੍ਰਿਹ ਵਿਖੇ ੨੨ ਤੋਂ ੨੪ ਫ਼ਰਵਰੀ ਤਕ ਸ੍ਰੀ ਅਖੰਡਪਾਠ ਤੇ ਅੰਮ੍ਰਿਤ ਕੀਰਤਨ ਦੇ ਪ੍ਰੋਗਰਾਮ ਅਖੰਡ ਕੀਰਤਨੀ ਜਥਿਆਂ ਵਲੋਂ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਨਿਵਾਜਣ ਜੀ।

ਦਾਸਰਾ–ਸਤਨਾਮ ਸਿੰਘ, ਕੋਠੀ ਨੰ: 245, ਨੇੜੇ ਗੁਰਦੁਆਰਾ ਸਾਹਿਬ ਸੈਕਟਰ 35ਏ, ਚੰਡੀਗੜ੍ਹ

---

## *ਪਿੰਡ ਦੱਧਾਹੂਰ (ਜ਼ਿਲਾ ਸੰਗਰੂਰ) ਵਿਖੇ ਮਾਸਕ ਰੈਣ ਸਬਾਈ*

ਮਾ: ਉਜਾਗਰ ਸਿੰਘ ਜੀ ਖਾਲਸਾ, ਫਰਵਾਲੀ (ਲੋਹਟਬਦੀ) ਸੂਚਨਾ ਦਿੰਦੇ ਹਨ ਕਿ ਪਿੰਡ ਦੱਧਾਹੂਰ ਦੇ ਹਾਈ ਸਕੂਲ ਵਿਚ ਸ਼ਨੀਵਾਰ ੧੬ ਫ਼ਰਵਰੀ ਦੀ ਰਾਤ ਨੂੰ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਅਖੰਡ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ। ਪਿੰਡ ਦੱਧਾਹੂਰ ਸੜਕ ਰਾਇਕੋਟ-ਬਰਨਾਲਾ ਤੇ ਸਥਿਤ ਹੈ। ਬਸਾਂ ਆਮ ਮਿਲਦੀਆਂ ਹਨ। ਪ੍ਰਾਰਥਕ–ਸੰਗਤ ਅਤੇ ਸਟਾਫ਼, ਪਿੰਡ ਦੱਧਾਹੂਰ

---

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ. ਅਮਰ ਸਿੰਘ ਪਾਲ ਜੱਬਲਪੁਰ | ਸੁਪਤਨੀ ਬੀਬੀ ਅੰਮ੍ਰਿਤ ਕੌਰ ਦੇ ਅੰਤਮ ਭੋਗ ਸਮੇਂ | 11-00 |
| ਸ. ਕੁਲਦੀਪ ਸਿੰਘ ਖਾਲਸਾ ਜੰਮੂ | ਭੁਜੰਗੀ ਦੇ ਜਨਮ ਦਿਨ ਦੀ ਖ਼ੁਸ਼ੀ ਵਿਚ | 5-00 |
| ਸ੍ਰੀਮਤੀ ਇੰਦਰਕੌਰ ਸੁਪਤਨੀ ਸ.ਮਨਸਾ ਸਿੰਘ ਢੋਗਲ ਨਵਾਂ ਸ਼ਹਿਰ | ਬਾਊ ਮਲ ਸਿੰਘ ਜੀ ਨਮਿਤ ਪਾਠ ਦੇ ਭੋਗ ਸਮੇਂ | 51-00 |
| ਸ: ਹਰਬੰਸ ਸਿੰਘ ਅਹਿਮਦਗੜ੍ਹ | ... ... ... ... ... | 10-00 |
| ਸ: ਨਾਨਕ ਸਿੰਘ ਨੰਗਲ ਟਾਊਨਸ਼ਿਪ | ਭੁਜੰਗੀ ਦੇ ਅਨੰਦ ਦੀ ਖੁਸ਼ੀ ਵਿਚ | 21-00 |
| ਸ: ਸੁਖਦੇਵ ਸਿੰਘ ਨਿਮਾਣਾ ਤਲਵਾੜਾ | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | 51-00 |
| ਸ: ਨਿਰਮਲ ਸਿੰਘ, ਅਜੀਤ ਨਗਰ,ਅੰਮ੍ਰਿਤਸਰ ... | ... ... ... ... ... | 10-10 |
| Nk. ਬੀਰ ਸਿੰਘ ਸਰਸਾਵਾ | ਬੀਬੀ ਸੁਰਜੀਤ ਕੌਰ ਦੇ ਦਸਤਾਰ ਸਜਾਉਣ ਦੀ ਖੁਸ਼ੀ ਵਿਚ | 11-00 |
| ਇਸਤਰੀ ਸਤਿਸੰਗ ਸਭਾ, ਮੋਤੀ ਨਗਰ, ਨਵੀਂ ਦਿਲੀ ਵਲੋਂ | ... ... ... ... | 21-00 |

ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਦਾ ਪਿਆਰ ਬਖਸ਼ਣ।

www.AKJ.Org

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

## ਵੀਰਵਾਰ ਸਵੇਰੇ ੨੮ ਫ਼ਰਵਰੀ ਤੋਂ ੨ ਮਾਰਚ ਐਤਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਹਰ ਸਾਲ ਵਾਂਗ ਹੋਲਾ ਮਹੱਲਾ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਕੀਰਤਨ ਪ੍ਰੋਗਰਾਮ ਰਿਹਾਇਸ਼ ਲੰਗਰ ਆਦਿ ਦੇ ਪ੍ਰਬੰਧ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ (ਗੁ: ਲੋਹਗੜ੍ਹ ਰੋਡ) ਵਿਖੇ ਹੋਣਗੇ।

### ਪ੍ਰੋਗਰਾਮ

੨੮-੨-੮੦ ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ — ਸ਼ਾਮ ੬ ਤੋਂ ੯ ਸੋਦਰ ਦੀ ਚੌਕੀ

੨੯-੨-੮੦ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ — ਦੁਪਹਿਰ ੨ ਵਜੇ ਨਗਰ ਕੀਰਤਨ

ਸ਼ਾਮ ੭ ਤੋਂ ੯ ਸੋਦਰ ਦੀ ਚੌਕੀ ਤਖਤ ਸ੍ਰੀ ਕੇਸਗੜ੍ਹ ਸਾਹਿਬ

੧-੩-੮੦ ੫ ਤੋਂ ੧੨ ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ — ਦੁਪਹਿਰ ਪਿਛੋਂ ੩ ਵਜੇ ਅੰਮ੍ਰਿਤ ਸਿੰਚਾਰ

ਰਾਤ ਰੈਣ ਸਬਾਈ ਕੀਰਤਨ — ੨-੩-੮੦ ਸਵੇਰੇ ਭੋਗ ਰੈਣ ਸਬਾਈ

ਪੁਛ ਗਿਛ-(੧) ਕਰਨਲ ਦਲਜੀਤ ਸਿੰਘ ਜੀ, ਮਿਠਾਪੁਰ (ਜਲੰਧਰ) (੨) ਭਾ: ਗੁਰਮੇਜ ਸਿੰਘ ਜੀ, ਗਿਲ (ਜਲੰਧਰ)

---

# ਚਲਦਾ ਵਹੀਰ ਸ੍ਰੀ ਅੰਮ੍ਰਿਤਸਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ-ਸਿੰਚਾਰ

## ਸ਼ਹੀਦਾਂ ਦੇ ਸਸਕਾਰ ਅਸਥਾਨ ਤੇ ਰੈਣ ਸਬਾਈ ਕੀਰਤਨ ੧੬ ਫ਼ਰਵਰੀ ਸ਼ਨੀਵਾਰ ਨੂੰ

ਜਨਵਰੀ ੧ ਅੰਮ੍ਰਿਤਸਰ ਤੋਂ ਬਠਿੰਡੇ ਵਲ ਚਾਲੇ, ੨ ਪੂਹਲਾ ਅਰੰਭ ਸ੍ਰੀ ਅਖੰਡਪਾਠ, ੩ ਗੁਰਸਰ ਮੇਹਰਾਜ, ੪ ਪੂਹਲੇ ਭੋਗ ਸ੍ਰੀ ਅਖੰਡਪਾਠ ਉਪਰੰਤ ਰਾਤ ਅਖੰਡ ਕੀਰਤਨ ਗੋਬਿੰਦ ਪੁਰਾ, ੫ ਨਥਾਨਾ, ੬ ਬਜੋਆਣਾ, ੭ ਚੱਕ ਫਤਹ ਸਿੰਘ, ੮ ਤੋਂ ੧੦ ਸਵੇਰ ਤਕ ਪਟਿਆਲਾ ਸਮਾਗਮ, ੧੦ ਨੂੰ ਬਠਿੰਡੇ ਨੂੰ ਚਾਲੇ, ੧੧ ਪੱਕੀ ਭੁੱਚੋ, ੧੨ ਤਲਵੰਡੀ ਸਾਬੋ, ੧੩ ਸਿਵੀਆਂ, ੧੪ ਗੁਰਦਵਾਰਾ ਹਾਜੀ ਰਤਨ ਬਠਿੰਡਾ, ੧੫ ਸ੍ਰੀ ਤਰਨ ਤਾਰਨ, ੧੬ਸਵੇਰੇ ਕੀਰਤਨ ਤ੍ਰਿਪਹਿਰਾ ਤੇ ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਰਾਤ ਰੈਣ ਸਬਾਈ ਕੀਰਤਨ ਸ਼ਹੀਦਾਂ ਦੇ ਅਸਥਾਨ, ੧੭ ਚਾਟੀਵਿੰਡ ਪਿੰਡ,੧੮ ਕਿਲ੍ਹਾ ਮੇਕਾ, ੧੯ ਚੱਕ ਸ਼ਰੀਫ਼ ਨੇੜੇ ਕਾਹਨੂੰਵਾਨ, ੨੦ ਬਹੂਰੀਆਂ ਸੈਣੀਆਂ, ੨੧ ਝੰਡਾ ਲਬਾਣਾ, ੨੨ ਨਾਨੋਵਾਲ ਖੁਰਦ, ੨੩ ਗੋਰਸੀਆਂ, ੨੪ ਜ਼ਿੰਦੜ ਨਾਨੋਵਾਲ,੨੫ ਫੇਰੋਚੇਜੀ ੨੬, ਬੱਬੇਹਾਲੀ ਨੇੜੇ ਗੁਰਦਾਸ ਪੁਰ, ੨੭ ਗਾਲ੍ਹੜੀ,੨੮ ਸੋਹਲ,੨੯ ਮਾਹਲ(ਅੰਮ੍ਰਿਤਸਰ ਚੁਗਾਵਾਂ ਰੋਡ)।

ਨੋਟ—ਪ੍ਰੋਗਰਾਮ ਵਿਚ ਲੋੜ ਅਨੁਸਾਰ ਤਬਦੀਲੀ ਹੋ ਸਕਦੀ ਹੈ। ਪ੍ਰੋਗਰਾਮ ਦਾ ਸਮਾਂ ਸ਼ਾਮ ਨੂੰ ੭ ਤੋਂ ੧੦ ਤਕ।

ਪੁਛ ਗਿਛ—੧. ਮਾ: ਜਸਵੰਤ ਸਿੰਘ 545 ਈਸਟ ਮੋਹਨ ਨਗਰ, ਅੰਮ੍ਰਿਤਸਰ। ੨. ਭਾ: ਕੁਲਵੰਤ ਸਿੰਘ, ਪੰਜਾਬ ਸਿੰਧ ਬੈਂਕ ਗੋਇੰਦਵਾਲ। ੩. ਅਜੀਤ ਸਿੰਘ ਐਂਡ ਸਨਜ਼ ਕਪੜੇ ਵਾਲੇ,ਮੱਟਾ ਬਜ਼ਾਰ, ਬਠਿੰਡਾ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ ਚਲਦਾ ਵਹੀਰ

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਸ੍ਰੀ ਅੰਮ੍ਰਿਤਸਰ

ਚਿੱਠੀ ਪਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ, ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਚਿਟ ਨੰਬਰ ਲਿਖਿਆ ਹੁੰਦਾ ਹੈ।

www.AKJ.Org